ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ 9 ਮਾਰਚ 2025 ਨੂੰ ਮਨਾਇਆ ਜਾ ਰਿਹਾ ਹੈ।

13ਵਾਂ ਸਾਲ — ਹਫਤਾਵਾਰੀ

# ਦੇਸ਼ ਦੁਆਬਾ


VOL -13 ISSUE - 48
March 5, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ, (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ 16 ਮਾਰਚ 2025 ਨੂੰ ਮਨਾਇਆ ਜਾ ਰਿਹਾ ਹੈ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

**ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ**
**ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ**
**ਬਹੁਤ-ਬਹੁਤ ਮੁਬਾਰਕਾਂ**

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।**

ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ 9ਮਾਰਚ 2025 ਨੂੰ ਬਹੁਤ ਹੀ ਸਰਧਾ ਨਾਲ ਮਨਾਇਆ। *ਸਬੰਧਤ ਰਿਪੋਰਟ ਅਗਲੇ ਅੰਕ ਵਿਚ ਦੇਖੋ।*

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ





(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 43 ਤੋਂ 48 'ਤੇ

# ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਰਧਾਪੂਰਵਕ ਮਨਾਇਆ



(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 40 ਤੋਂ 42 'ਤੇ




**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



**DR. TAKHAR'S FAMILY MEDICINE & URGENT CARE CLINIC**
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

**SAROAY INVESTMENT REALTY**
Ram Saroay
Broker/Realtor
Commercial Properties
Business License 031035
ramsaroay@hotmail.com




Cell (510) 368-3983



RAMESH SUMAN
Broker Realtor
RCS-D ™
**MAJESTIC HOMES**
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SKY TRANSPORT SOLUTIONS**
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

**BAGGA JEWELERS**
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs

**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**April 13, 2025**

**Vaiskahi Celebrations**

Vaisakhi is the harvest celebration in India and is an occasion of dancing, singing, music, wearing of festive garments and religious praise. Akhand Path will start on Friday April 11,2025 at 10:00 AM and will conclude with Bhog ceremony on Sunday April 13, 2025.

**April 20, 2025**

**Birthday Celebration of Babasaheb Dr. Bhim Rao Ambedkar**

Sri Sukhmani Sahib Path and Langar Sewa will be hosted by Sangat to celebrate 135th birth anniversary of Bharat Ratna Dr. B. R. Ambedkar.

**June 27-28-29, 2025**

**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar sewa will be hosted by Guru Ki Sangat. More details to follow.

*Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.*

**"NANAK NAM CHARDI KALA TERE BHANE SARBAT DA BHALA**

**"NANAK NAM CHARDI KALA TERE BHANE SARBAT DA BHALA"**

**Sangat Sewadars** www.sriguru````ravidasstemple.com



Chairman
Vinod Kumar



President
Sunita Singh Bangar




Gen. Secretary
Upinder Pal (Ricky)



Treasurer
Shinder Pal Narabut

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥



# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ "ਗੁਰਪੁਰਬ" ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ਼ੁੱਕਰਵਾਰ 07 ਮਾਰਚ 2025 ਨੂੰ ਸਵੇਰੇ 8 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ।
ਸ਼ਨੀਵਾਰ 08 ਮਾਰਚ 2025 ਨੂੰ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ ।
ਅਤੇ ਬਾਅਦ ਦੁਪਿਹਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ।
ਐਤਵਾਰ 09 ਮਾਰਚ 2025 ਨੂੰ ਰੱਖੇ ਹੋਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 25ਵਾਂ ਮਹਾਨ ਨਗਰ ਕੀਰਤਨ
ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ
ਪੰਜ ਪਿਆਰਿਆ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ ।

ਪੰਥ ਪ੍ਰਸਿੱਧ ਰਾਗੀ ਭਾਈ ਕਰਨਜੀਤ ਸਿੰਘ ਖ਼ਾਲਸਾ, ਭਾਈ ਜਸਪ੍ਰੀਤ ਸਿੰਘ ਸ੍ਰੀ ਫਤਿਹਗੜ੍ਹ ਵਾਲੇ, ਗੁਰੂਘਰ ਦਾ ਹਜੂਰੀ ਰਾਗੀ ਜੱਥਾ
ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਸਭ ਜੀ ਨੂੰ ਪਰਿਵਾਰ ਸਮੇਤ ਇਹਨਾ ਸਮਾਗਮ ਵਿੱਚ ਹਾਜਰੀ ਲਗਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ ।



ਭਾਈ ਕਰਨਜੀਤ ਸਿੰਘ ਖ਼ਾਲਸਾ U.K ਵਾਲੇ | ਭਾਈ ਜਸਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ ਜੀ ਵਾਲੇ | ਭਾਈ ਆਤਮਜੋਤ ਸਿੰਘ Yuba City ਵਾਲੇ | ਭਾਈ ਜਸਪਾਲ ਸਿੰਘ ਸਾਰੰਗ ਜਲੰਧਰ ਵਾਲੇ | ਭਾਈ ਅੰਮ੍ਰਿਤਪਾਲ ਸਿੰਘ ਸੰਗਰੂਰ ਵਾਲੇ | ਭਾਈ ਮਨਜੀਤ ਸਿੰਘ ਫਿਲੌਰ ਵਾਲੇ | ਭਾਈ ਬੇਤਾਬ ਸਿੰਘ ਲੁਧਿਆਣੇ ਵਾਲੇ | ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ

ਲੰਗਰ ਸਟਾਲ ਦੀ ਬੁਕਿੰਗ ਲਈ ਸੰਪਰਕ ਕਰੋ ।
ਸ੍ਰੀ ਹਰਬੰਸ ਸਿੰਘ ਰੱਲ - (916) 472-5170
ਸ੍ਰੀ ਅਵਤਾਰ ਸਿੱਧੂ - (916) 717-4223

ਸਟਾਲ ਦੀ ਬੁਕਿੰਗ ਲਈ ਸੰਪਰਕ ਕਰੋ ।
ਸ੍ਰੀ ਕੁਲਬੀਰ ਸੇਪਲਾ (916) 207-1010
ਸ੍ਰੀ ਮਨਜੀਤ ਸਾਹਨੀ (916) 799-0874

ਫਲੋਟ ਬੁਕਿੰਗ ਲਈ ਸੰਪਰਕ ਕਰੋ ।
ਸ੍ਰੀ ਵਰਿੰਦਰ ਵਿਰਕ - (916) 910-5731

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ।
ਗੁਰੂਘਰ ਦੇ ਫੋਨ (916) 992 - 1710

ਆਪ ਜੀ ਨੂੰ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀ ਇਮਾਰਤ ਉਸਾਰੀ ਅਧੀਨ ਹੈ।
ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧਸੰਗਤਿ ਨੂੰ ਇਹਨਾ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ ।


# SHRI GURU RAVIDASS TEMPLE SACRAMENTO

6221 16th Street Rio Linda, Sacramento, California 95673

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥3॥

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street Union City CA 94587




ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ

**ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ**

ਦਾ ਪ੍ਰਕਾਸ਼ ਉਤਸਵ

**16 ਮਾਰਚ 2025 (ਦਿਨ ਐਤਵਾਰ) ਨੂੰ**

31252 ਵੀਸੀ ਸਟ੍ਰੀਟ ਯੂਨੀਅਨ ਸਿਟੀ (ਕੈਲੀਫੋਰਨੀਆ) ਵਿਖੇ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 3 ਵਜੇ ਤੱਕ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਆਪਣੇ ਪਰਿਵਾਰਾਂ ਸਮੇਤ ਹਾਜਰੀ ਲਗਵਾਓ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ ਜੀ।


**ਗੁਰਪੁਰਬ ਸਬੰਧਤ 15 ਮਾਰਚ 2025 ਦਿਨ ਸ਼ਨਿਚਰਵਾਰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ**

* ਇਸ ਸ਼ੁਭ ਦਿਹਾੜੇ ਮੌਕੇ ਕਿਸੇ ਵੀ ਪ੍ਰਕਾਰ ਦੀ ਸੇਵਾ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।
* ਇਸ ਗੁਰਪੁਰਬ ਦੇ ਸਹਿਜ ਪਾਠ ਦੀ ਸੇਵਾ ਮਨਜੀਤ ਸਿੰਘ ਅਤੇ ਬੀਬੀ ਸਪਿੰਦਰ ਕੌਰ ਅਤੇ ਉਹਨਾਂ ਦੇ ਪਰਿਵਾਰ ਵਲੋਂ ਲਈ ਗਈ ਹੈ।
* ਇਸ ਸਾਲ ਗੁਰਪੁਰਬ ਗੁਰੂਘਰ ਦੀ ਨਵੀਂ ਇਮਾਰਤ ਵਿਚ ਮਨਾਇਆ ਜਾ ਰਿਹਾ ਹੈ। ਇਸ ਗੁਰੂਘਰ ਨੂੰ ਪੂਰਾ ਕਰਨ ਲਈ ਆਪਣਾ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ। ਗੁਰੂ ਘਰ ਦਾ ਪ੍ਰੋਗਰਾਮ ਹਰ ਦੂਸਰੇ ਅਤੇ ਚੋਥੇ ਐਤਵਾਰ ਨੂੰ ਹੁੰਦਾ ਹੈ।
* ਪ੍ਰੋਗਰਾਮ ਦੀ ਸੇਵਾ ਲੈਣ ਲਈ ਕਮੇਟੀ ਨਾਲ ਸੰਪਰਕ ਕਰੋ ਜੀ।

**For langar Sewa please contact any of the committee members**



**Chairman**
Vinod Kumar Chumber
510-953-9800



**President**
Tarlochan Singh Badhan
510-712-1743



**General Secretary**
Naresh Kumar Gaddu
510-857-4551



**Treasurer**
Mandeep Rai
415-342-9159

ੴ

॥ ਬੋਲੇ ਸੋ ਨਿਰਭੈ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਕੀ ਜੈ ॥
॥ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ॥

ਜੈ ਭੀਮ | ਜੈ ਭਾਰਤ

## 16 ਮਾਰਚ ਦਿਨ ਐਤਵਾਰ ਨੂੰ

# ਮਹਾਂਨਾਇਕ ਸਾਹਬ ਸ੍ਰੀ ਕਾਸ਼ੀ ਰਾਮ ਜੀ

## ਦਾ 91ਵਾਂ ਜਨਮ ਦਿਨ ਮਨਾਇਆ ਜਾਵੇਗਾ



Baba Sahib Dr. Bhim Rao Ambedkar

ਪਿੰਡ ਖੁਆਸਪੁਰ ਵਿੱਚ 15 ਮਾਰਚ 1934 ਨੂੰ ਜਨਮੇ ਬਹੁਜਨ ਨਾਇਕ ਸਾਹਬ ਸ੍ਰੀ ਕਾਸ਼ੀ ਰਾਮ ਜੀ ਜਿਨ੍ਹਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਪੜ੍ਹਿਆ, ਸਮਝਿਆ ਤੇ ਮਿਸ਼ਨ ਨੂੰ ਮੁੜ ਲੀਹ 'ਤੇ ਦਿਨ ਰਾਤ ਇੱਕ ਕਰਕੇ ਬੁਲੰਦੀਆਂ 'ਤੇ ਪਹੁੰਚਾਇਆ। ਉਨ੍ਹਾਂ ਬਹੁਜਨ ਸਮਾਜ ਵਿੱਚ ਨਵੀਂ ਚੇਤਨਾ ਪੈਦਾ ਕੀਤੀ, ਰਾਜ ਭਾਗ ਲੈਣ ਦੀ ਚਿਣਗ ਪੈਦਾ ਕੀਤੀ , ਆਰਥਿਕ ਤੌਰ 'ਤੇ ਸਲਾਭੀ ਪਈ ਗਰੀਬ ਪੱਛੜਿਆਂ ਦੀ ਜ਼ਿੰਦਗੀ ਵਿੱਚ ਨਵਾਂ ਉਤਸ਼ਾਹ ਭਰਿਆ, ਦਲਿਤ ਸਮਾਜ ਦੇ ਦਿਮਾਗ਼ ਦੀਆਂ ਤਹਿਆਂ ਵਿੱਚ ਸੁੱਤੇ ਪਏ ਵਿਚਾਰਾਂ ਨੂੰ ਝੰਜੋੜਿਆਂ ਤੇ ਆਪਣੀ ਹੋਂਦ ਦਾ ਚੇਤਾ ਕਰਾਇਆ। ਕਿਸਮਤ 'ਤੇ ਭਰੋਸਾ ਰੱਖਣ ਵਾਲਿਆਂ ਨੂੰ ਦੱਸਿਆ ਕਿ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਕੇ ਦੇਸ਼ ਦੇ ਹਾਕਮ ਕਿਵੇਂ ਬਣਨਾ ਹੈ। ਬਹੁਜਨ ਸਮਾਜ ਪਾਰਟੀ ਦੇ ਰੂਪ ਵਿੱਚ ਜਿਥੇ ਸਿਆਸੀ ਲਹਿਰ ਖੜ੍ਹੀ ਕੀਤੀ ਉੱਥੇ ਨਿਤਾਣੇ ਤੇ ਲਿਤਾੜੇ ਲੋਕਾਂ ਵਿੱਚ ਮਾਨਸਿਕ ਸ਼ਕਤੀ ਵੀ ਭਰੀ। ਬਹੁਜਨਾਂ ਨੇ ਮੁੜ ਕ੍ਰਾਂਤੀ ਦੀ ਅੰਗੜਾਈ ਲਈ ਤੇ ਲਾਮਬੰਦ ਹੋ ਕੇ ਬਾਬੂ ਕਾਸ਼ੀ ਰਾਮ ਨੂੰ, ਸਾਹਬ ਸ੍ਰੀ ਕਾਸ਼ੀ ਰਾਮ ਬਣਾ ਕੇ ਨਵੀਂ ਰਾਜਨੀਤਕ ਵਹੀਰ ਦਾ ਬਹੁਪੱਖੀ ਆਗਾਜ਼ ਕੀਤਾ। ਅੱਜ ਜਿੱਥੇ ਅਸੀਂ ਇਹਨਾਂ ਮਹਾਂਨਾਇਕਾਂ ਦੇ ਜਨਮ ਦਿਨ ਮਨਾ ਰਹੇ ਹਾਂ ਉਥੇ ਸਾਨੂੰ ਦ੍ਰਿੜ੍ਹਤਾ ਨਾਲ ਨਵੀਆਂ ਚੁਣੌਤੀਆਂ ਨੂੰ ਮਜ਼ਬੂਤ ਹੋ ਕੇ ਨਵੀਂ ਵਿਉਂਤਬੰਦੀ ਨਾਲ ਨਜਿੱਠਣਾ ਹੋਵੇਗਾ।



Saab Shri Kanshi Ram Ji

ਜਿਸ ਵਿੱਚ ਬੁੱਧੀਜੀਵੀ,ਚਿੰਤਕ, ਲੇਖਕ ਤੇ ਸਾਹਿਤਕਾਰ ਸ਼ਾਮਲ ਹੋਣਗੇ, ਜਿਥੇ ਪ੍ਰਸਿੱਧ ਕੀਰਤਨੀਏ ਆਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਉੱਥੇ ਮਸ਼ਹੂਰ ਢਾਡੀ ਜੱਥਾ ਭਾਈ ਮੋਹਣ ਸਿੰਘ ਬਡਾਣਾ ਤੇ ਸਾਥੀਆਂ ਵੱਲੋਂ ਜੋਸ਼ ਭਰੀਆਂ ਵਾਰਾਂ ਗਾਇਨ ਕੀਤੀਆਂ ਜਾਣਗੀਆਂ।

**PROGRAMS**

**March 16 , 2025 Sunday**

**Paath Shri Sukhani Sahib**
**Morning 9:30 am**

**Kirtan Start by : 11:30 am**

**Speech : 12:00pm**

**Dhadi Vaaran by : Dhadi Mohan Singh BADANA**

**ਪ੍ਰੋਗਰਾਮ : ਸਵੇਰੇ ਸੁਖਮਨੀ ਸਾਹਿਬ ਦੇ ਜਾਪ ਹੋਣਗੇ**

ਉਪਰੰਤ ਅਰਦਾਸ ਹੋਵੇਗੀ

**ਕੀਰਤਨ ਦਰਬਾਰ 11:30 AM ਅਰੰਭ ਹੋਵੇਗਾ**

ਉਪਰੰਤ ਹਾਜ਼ਰ ਬੁਲਾਰੇ ਤਰਤੀਬ ਵਾਰ
ਆਪਣੇ ਵਿਚਾਰ ਸਾਂਝੇ ਕਰਨਗੇ।



ਢਾਡੀ ਜੱਥਾ : ਭਾਈ ਮੋਹਣ ਸਿੰਘ ਬਡਾਣਾ, ਸਾਰੰਗੀ ਮਾਸਟਰ

**ਸਾਰਾ ਦਿਨ ਗੁਰੂ ਕੇ ਸੁਆਦਲੇ ਲੰਗਰਾਂ ਦੀ ਸੇਵਾ ਨਿਰਵਿਘਨ ਚੱਲਦੀ ਰਹੇਗੀ।**
**ਲੰਗਰਾਂ ਦੀ ਸੇਵਾ ਜਾਂ ਹੋਰ ਵੀ ਕੋਈ ਸੇਵਾ ਲੈਣ ਲਈ ਪ੍ਰਬੰਧਕਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

**MANAGEMENT COMMITTEE MEMBERS**

- *President:* PARAMJIT KAMAM,
- *Chairman:* JASWINDER SINGH
- *SENIOR V. President:* GURDYAL RAM
- *Vice President:* PARAMJIT LAL
- *GENERAL SECRETARY:* CHARANJIT SINGH JHALLY
- *JOINT SECRETARY:* BALVINDER BHAURA
- *PUB.REL. SECRETARY :* TAWINDER SINGH BAINS
- *LANGAR SECRETARY:* GURNAM SINGH VIRDI
- *HEAD CASHIERS:* KIRPAL SINGH
- *JOINT CASHIER:* MANOHAR KALER

**TRUSTEE COMMITTEE MEMBERS**

- SURAJ PARKASH
- SATNAM SINGH
- MOHINDER RAM
- SUKHWINDER SINGH VIRDI
- BALJINDER KUMAR
- LAKHVIR KATARIA
- BUTA RAM
- AVTAR BHATIA
- ASHWANI DADRA
- RAMESH MAHEY

**ਆਪ ਸੰਗਤਾਂ ਦੀ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ**



Chairman
Jaswinder Singh Billa
917-459-4303



President
Paramjit Kamam
646-331-1206



General Sec.
Charanjit Singh Jhally
646-201-0197

**Very humble request to everyone please come and join this special event**

YouTube ਪ੍ਰੋਗਰਾਮ ਦਾ ਸਿੱਧਾ ਲਾਈਵ ਪ੍ਰਸਾਰਣ ਯੂ-ਟਿਊਬ ਚੈਨਲ : www.shri guru Ravidas sabha of New York LIVE

# SHRI GURU RAVIDAS SABHA OF NEW YORK INC.

61-01 BROADWAY, WOODSIDE, NY 11377 **TEL: 929-462-0184** gururavidassnyc@gmail.com

ਦੇਸ਼ ਦੁਆਬਾ

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥
## ਨਾ ਤਸਵੀਸ ਖਿਰਾਜ ਨਾ ਮਾਲੁ॥ ਖਉਫ਼ ਨਾ ਖਤਾ ਨ ਤਰਸੁ ਜਵਾਲੁ॥੧॥

ਉਪਰੋਕਤ ਸ਼ਬਦ ਦੇ ਰਚਣਹਾਰ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਅਜਿਹੇ ਸਮਾਜ, ਅਜਿਹੇ ਦੇਸ਼, ਅਜਿਹੇ ਸੰਸਾਰ ਦੀ ਸਿਰਜਣਾ ਦਾ ਖਲਕਤ ਨੂੰ ਸੰਦੇਸ਼ ਦਿੱਤਾ, ਜਿੱਥੋਂ ਹਰ ਸਮਾਜ, ਦੇਸ਼, ਸੰਸਾਰ ਦਾ ਵਸਨੀਕ ਆਪਣਾ ਜੀਵਨ ਵਧੀਆ ਤਰੀਕੇ ਨਾਲ ਬਸਰ ਕਰ ਸਕਦਾ ਹੈ। ਅਜਿਹਾ ਜੀਵਨ ਬਸਰ ਕਰਨ ਲਈ ਇਨਸਾਨ ਮੁੱਢ ਕਦੀਮ ਤੋਂ ਇਧਰ-ਉਧਰ ਵਿਚਰਦਾ ਅਤੇ ਸੰਘਰਸ਼ ਕਰਦਾ ਆਇਆ ਕਿ ਉਹ ਵੀ ਸਵੈ-ਮਾਣ ਦੀ ਜ਼ਿੰਦਗੀ ਜੀਅ ਸਕੇ।

ਅਜਿਹੀ ਸੋਚ ਦੇ ਵਾਰਸ ਜਿੱਥੇ ਵੀ ਜਾਂਦੇ ਹਨ, ਉਹ ਉਥੇ ਵੀ ਆਪਣੇ ਸਵੈ-ਮਾਣ ਵਾਲੀ ਜ਼ਿੰਦਗੀ ਜਿਊਣ ਲਈ ਜਿੱਥੇ ਸੰਘਰਸ਼ ਕਰਦੇ ਹਨ, ਉਥੇ ਆਪਣੇ ਰਹਿਬਰ ਅਤੇ ਉਹਨਾਂ ਦੀਆਂ ਉਚੀਆਂ-ਸੁੱਚੀਆਂ ਸਿੱਖਿਆਵਾਂ ਨੂੰ ਆਪਣੇ ਹਿਰਦੇ 'ਚ ਵਸਾਉਂਦੇ ਅਤੇ ਉਹਨਾਂ ਨੂੰ ਹਮੇਸ਼ਾ ਯਾਦ ਵੀ ਕਰਦੇ ਹਨ। ਅਜਿਹੀ ਸੋਚ ਰੱਖਣ ਵਾਲੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪੂਰੇ ਵਿਸ਼ਵ 'ਚ ਆਗਮਨ ਪੁਰਬ ਬਹੁਤ ਹੀ ਚਾਵਾਂ ਨਾਲ ਪਿਆਰ/ਸਤਿਕਾਰ ਨਾਲ ਮਨਾਉਂਦੇ ਹਨ। ਜੇਕਰ ਅਸੀਂ ਅਮਰੀਕਾ ਦੀ ਗੱਲ ਕਰੀਏ ਤਾਂ ਉੱਤਰੀ ਅਮਰੀਕਾ ਅੰਦਰ ਭਾਰਤ ਤੋਂ ਬਾਹਰ ਫਿਜ਼ੀ 'ਚ ਪਹਿਲਾ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਉਸਾਰਿਆ ਗਿਆ ਤੇ ਉਸ ਉਪਰੰਤ ਇੰਗਲੈਂਡ ਅਤੇ ਉਸ ਉਪਰੰਤ ਉੱਤਰੀ ਅਮਰੀਕਾ ਅੰਦਰ ਭਾਰਤ ਤੋਂ ਬਾਅਦ ਫਿਜ਼ੀ 'ਚ ਪਹਿਲਾ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਪਰ ਉਸਾਰਿਆ ਗਿਆ।

ਹੁਣ ਉੱਤਰੀ ਅਮਰੀਕਾ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਪਰ ਇਕੱਲੇ ਕੈਲੇਫੋਰਨੀਆ 'ਚ 6 ਗੁਰੂ ਘਰ ਹਨ, ਜਿਨ੍ਹਾਂ ਵਿਚ ਪਿਟਸਬਰਗ, ਸੈਕਰਾਮੈਂਟੋ, ਫਰਿਜ਼ਨੋ, ਸੇਲਮਾ, ਯੂਬਾ ਸਿਟੀ ਅਤੇ ਯੂਨੀਅਨ ਸਿਟੀ, ਬੇ-ਏਰੀਆ ਅਤੇ ਇਸ ਤੋਂ ਇਲਾਵਾ ਨਿਊਯਾਰਕ ਅਤੇ ਟੈਕਸਾਸ 'ਚ ਹੈ। ਉੱਤਰੀ ਅਮਰੀਕਾ ਦਾ ਦੂਜਾ ਵੱਡਾ ਹਿੱਸਾ ਕੈਨੇਡਾ 'ਚ ਵੈਨਕੂਵਰ/ਸਰੀ ਅਤੇ ਟਰਾਂਟੋ/ਮਾਂਟਰੀਅਲ ਆਦਿ 'ਚ ਗੁਰੂ ਘਰ ਸਥਾਪਿਤ ਹੋ ਚੁੱਕੇ ਹਨ।

ਇਹਨਾਂ ਸਭਨਾਂ 'ਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ ਵਿਸ਼ੇਸ਼ ਨਾਂ ਇਸ ਕਰਕੇ ਬਣ ਗਿਆ ਕਿ ਇਸ ਗੁਰੂ ਘਰ ਦੀ ਸੰਗਤ ਰਲ-ਮਿਲ ਕੇ ਬਾਕੀ ਗੁਰੂ ਘਰਾਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਹਰ ਸਾਲ ਮਾਰਚ ਮਹੀਨੇ ਦੇ ਦੂਸਰੇ ਐਤਵਾਰ ਨੂੰ ਜਿੱਥੇ ਗੁਰਪੁਰਬ ਮਨਾਇਆ ਜਾਂਦਾ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾਂਦਾ ਹੈ ਜੋ ਨਿਰਵਿਘਨ ਨਿਰੰਤਰ ਚਲਦੇ ਇਸ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ 25ਵਾਂ ਵਿਸ਼ਾਲ ਨਗਰ ਕੀਰਤਨ ਕੱਢਣ ਜਾ ਰਹੀ ਹੈ ਜੋ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦੇ 648ਵੇਂ ਗੁਰਪੁਰਬ ਨੂੰ ਸਮਰਪਿਤ ਹੋਵੇਗਾ। ਜਿਸ ਦੀਆਂ ਤਿਆਰੀਆਂ ਬਹੁਤ ਹੀ ਉਤਸ਼ਾਹਪੂਰਵਕ ਹਨ। ਇਸ ਗੁਰੂ ਘਰ ਦੀ ਸਭਾ 'ਚ ਲਗਭਗ ਸਭ ਨੌਜਵਾਨ ਪੀੜ੍ਹੀ ਦੇ ਸੇਵਾਦਾਰ (ਕਮੇਟੀ ਮੈਂਬਰ) ਹਨ, ਜਿਸ ਦਾ ਸਿਹਰਾ ਪਹਿਲਾਂ ਦੀਆਂ ਕਮੇਟੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੌਜਵਾਨ ਪੀੜ੍ਹੀ ਨੂੰ ਸਦਾ-ਸਦਾ ਲਈ ਜੋੜਨ ਅਤੇ ਜੋੜੇ ਰੱਖਣ ਲਈ ਇਹ ਮਹੱਤਵਪੂਰਨ ਜ਼ਿੰਮੇਵਾਰੀ, ਜ਼ਿੰਮੇਵਾਰਾਨਾ ਸੋਚ ਨਾਲ ਸੌਂਪੀ, ਜੋ ਸਫਲਤਾ ਵੱਲ ਕਦਮ ਵਧਾ ਰਹੀ ਹੈ।

ਆਓ ਆਪਾਂ ਸਭ ਰਲ-ਮਿਲ ਕੇ ਗੁਰੂ ਜੀ ਦੇ ਸਰਵੋਤਮ ਫ਼ਲਸਫ਼ੇ ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥ ਨਾ ਤਸਵੀਸ ਖਿਰਾਜ ਨਾ ਮਾਲੁ॥ ਖਉਫ਼ ਨਾ ਖਤਾ ਨ ਤਰਸੁ ਜਵਾਲੁ॥ ਜੋ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ, ਨੂੰ ਸਮਝਦੇ ਹੋਏ ਸ੍ਰੀ ਗੁਰੂ ਰਵਿਦਾਸ ਜੀ ਦੇ ਇਕ ਹੋਰ ਸ਼ਬਦ 'ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ ਅਨੁਸਾਰ ਇਕੱਠੇ ਹੋ ਕੇ, ਏਕਤਾ ਦਾ ਸਬੂਤ ਦਿੰਦੇ ਹੋਏ, ਇਸ 648ਵੇਂ ਮਹਾਨ ਗੁਰਪੁਰਬ ਅਤੇ 25ਵੇਂ ਵਿਸ਼ਾਲ ਨਗਰ ਕੀਰਤਨ 'ਚ ਹਾਜ਼ਰੀਆਂ ਭਰ ਕੇ ਆਪਣੀ ਜ਼ਿੰਦਗੀ ਦੇ ਕੁਝ ਪਲ ਉਸ ਪਰਵਰਦਗਾਰ ਨੂੰ ਯਾਦ ਕਰੀਏ, ਜਿਸ ਦਾ ਅੰਸ਼ ਇਹ ਸੰਸਾਰ ਹੈ ਜੀ।

ਅਦਾਰਾ 'ਦੇਸ਼ ਦੁਆਬਾ' ਆਪ ਸਭਨਾਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਪਿਟਸਬਰਗ, ਨਿਊਯਾਰਕ, ਯੂਬਾ ਸਿਟੀ, ਸੇਲਮਾ ਅਤੇ ਫਰਿਜ਼ਨੋ, ਜਿਨ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਬਹੁਤ ਪਿਆਰ/ਸਤਿਕਾਰ ਨਾਲ ਸ਼ਰਧਾ ਪੂਰਵਕ ਮਨਾਇਆ ਹੈ, ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ ਅਤੇ ਆਉਣ ਵਾਲੇ ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ ਦੀਆਂ ਦਿਲੀ ਹਾਰਦਿਕ ਬਹੁਤ-ਬਹੁਤ ਵਧਾਈਆਂ ਦਿੰਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ 16 ਮਾਰਚ 2025 ਨੂੰ ਗੁਰਪੁਰਬ ਮਨਾ ਰਹੀ ਹੈ, ਨੂੰ ਵੀ ਬਹੁਤ-ਬਹੁਤ ਵਧਾਈਆਂ। ਇੱਥੇ ਇਹ ਵੀ ਵਰਣਨ ਕਰਨਾ ਬੇਹੱਦ ਜ਼ਰੂਰੀ ਹੈ ਕਿ ਸੈਕਰਾਮੈਂਟੋ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਪਿਛਲੇ 3 ਸਾਲ ਤੋਂ ਸ੍ਰੀ ਗੁਰੂ ਰਵਿਦਾਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਕੱਢਣਾ ਸ਼ੁਰੂ ਕੀਤਾ ਹੈ। ਇਸ ਵਾਰ 6 ਅਪ੍ਰੈਲ 2025 ਨੂੰ ਚੌਥਾ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਉਪਰੋਕਤ ਸਮਾਗਮਾਂ 'ਚ ਸ਼ਾਮਲ ਹੋਈਏ।

**- ਪ੍ਰੇਮ ਕੁਮਾਰ ਚੁੰਬਰ**

# ਅੰਤਰਰਾਸ਼ਟਰੀ ਮਹਿਲਾ ਦਿਵਸ 08 ਮਾਰਚ ਲਈ ਵਿਸ਼ੇਸ਼



**ਐਡਵੋਕੇਟ ਕੁਲਦੀਪ ਚੰਦ**
91-9417563054

08 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਜੇਕਰ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਵੇਖੀਏ ਤਾਂ ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਸਮਾਨਤਾ ਦੇ ਅਧਿਕਾਰਾਂ ਦੇ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ ਜਿਸਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸਾਲ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮਰੀਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। ਸਾਲ 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਰੋਜ਼ਗਾਰ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। ਸਾਲ 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸਾਲ 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ ਅਤੇ ਰੂਸੀ ਮਹਿਲਾਵਾਂ ਨੇ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ ਫਿਰ ਵੀ ਮਹਿਲਾਵਾਂ ਨੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। ਸਾਲ 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨ ਦੀ ਜਰੂਰਤ ਹੈ। ਸੰਸਾਰ ਰਾਜਨੀਤਿਕ ਸੰਘਰਸ਼ਾਂ ਤੋਂ ਲੈ ਕੇ ਗਰੀਬੀ ਦੇ ਵਧਦੇ ਪੱਧਰ ਅਤੇ ਜਲਵਾਯੂ ਪਰਿਵਰਤਨ ਦੇ ਵਧਦੇ ਪ੍ਰਭਾਵਾਂ ਤੱਕ ਦੇ ਕਈ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਕੇਵਲ ਉਨ੍ਹਾਂ ਹੱਲਾਂ ਦੁਆਰਾ ਕੀਤਾ ਜਾ ਸਕਦਾ ਹੈ ਜੋ ਔਰਤਾਂ ਨੂੰ ਸਸ਼ਕਤ ਕਰਦੇ ਹਨ। ਔਰਤਾਂ ਲਈ ਨਿਵੇਸ਼ ਕਰਕੇ ਅਸੀਂ ਸਭਨਾਂ ਲਈ ਇੱਕ ਸਿਹਤਮੰਦ, ਸੁਰੱਖਿਅਤ, ਅਤੇ ਵਧੇਰੇ ਬਰਾਬਰ ਸੰਸਾਰ ਵੱਲ ਤਬਦੀਲੀ ਨੂੰ ਤੇਜ਼ ਕਰ ਸਕਦੇ ਹਾਂ। ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਮਿਸ਼ਨ ਸਮਾਨਤਾ ਅਤੇ ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਦਿਨ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ, ਲਗਾਤਾਰ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਤਬਦੀਲੀ ਲਈ ਸਮਰਥਨ ਜੁਟਾਉਣ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸਦਾ ਕੇਂਦਰੀ ਉਦੇਸ਼ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੌਜੂਦਾ ਮੁੱਦਿਆਂ ਕੰਮ ਵਾਲੀ ਥਾਂ ਤੇ ਅਸਮਾਨਤਾਵਾਂ ਤੋਂ ਲੈ ਕੇ ਹਿੰਸਾ ਅਤੇ ਪ੍ਰਜਨਨ ਅਧਿਕਾਰਾਂ ਤੱਕ ਨੂੰ ਸ਼ਾਮਲ ਕਰਨਾ ਹੈ। ਇਸ ਸਬੰਧੀ ਸਾਰੇ ਸਮਾਗਮ ਅਤੇ ਜਸ਼ਨ ਕਾਰਵਾਈ ਨੂੰ ਪ੍ਰੇਰਿਤ ਕਰਦੇ ਹਨ, ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਔਰਤਾਂ ਨੂੰ ਸਸ਼ਕਤ ਕਰਨ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਉਂਦੇ ਹਨ। ਇਹ ਇੱਕ ਅਜਿਹੀ ਦੁਨੀਆ ਬਣਾਉਣ ਦੀ ਬਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ ਜਿੱਥੇ ਔਰਤਾਂ ਬਰਾਬਰ ਮੌਕੇ ਅਤੇ ਸਮਾਵੇਸ਼ ਦਾ ਆਨੰਦ ਮਾਣਦੀਆਂ ਹਨ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਇਸ ਸਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਲਈ ਸੰਯੁਕਤ ਰਾਸ਼ਟਰ ਦਾ ਅਧਿਕਾਰਤ ਥੀਮ "ਸਾਰੀਆਂ ਔਰਤਾਂ ਅਤੇ ਕੁੜੀਆਂ ਲਈ: ਅਧਿਕਾਰ, ਸਮਾਨਤਾ, ਸਸ਼ਕਤੀਕਰਨ" ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਸੰਯੁਕਤ ਰਾਸ਼ਟਰ ਦੇ 69ਵੇਂ ਮਹਿਲਾ ਕਮਿਸ਼ਨ ਆਨ ਦ ਸਟੇਟਸ ਆਫ਼ ਵੂਮੈਨ ਤੋਂ ਪਹਿਲਾਂ ਆਉਂਦਾ ਹੈ ਜੋ ਕਿ ਬੀਜਿੰਗ ਘੋਸ਼ਣਾ ਪੱਤਰ ਅਤੇ ਐਕਸ਼ਨ ਪਲੇਟਫਾਰਮ ਦੇ ਲਾਗੂਕਰਨ ਦੀ ਸਮੀਖਿਆ ਅਤੇ ਮੁਲਾਂਕਣ ਅਤੇ ਜਨਰਲ ਅਸੈਂਬਲੀ ਦੇ 23ਵੇਂ ਵਿਸ਼ੇਸ਼ ਸੈਸ਼ਨ ਦੇ ਨਤੀਜਿਆਂ ਤੇ ਕੇਂਦ੍ਰਿਤ ਹੋਵੇਗਾ। ਵਿਸ਼ਵ ਆਰਥਿਕ ਫੋਰਮ ਦੇ ਅੰਕੜਿਆਂ ਅਨੁਸਾਰ ਤਰੱਕੀ ਦੀ ਮੌਜੂਦਾ ਦਰ ਤੇ ਪੂਰੀ ਲਿੰਗ ਸਮਾਨਤਾ ਤੱਕ ਪਹੁੰਚਣ ਲਈ 2158 ਤੱਕ ਦਾ ਸਮਾਂ ਲੱਗੇਗਾ ਜੋ ਕਿ ਹੁਣ ਤੋਂ ਲਗਭਗ ਪੰਜ ਪੀੜ੍ਹੀਆਂ ਹੈ। ਇਸ ਸਬੰਧੀ ਕਾਰਵਾਈ ਨੂੰ ਤੇਜ ਕਰਨ ਦੀ ਜ਼ਰੂਰਤ ਤੇ ਧਿਆਨ ਕੇਂਦਰਿਤ ਕਰਨਾ ਲਿੰਗ ਸਮਾਨਤਾ ਪ੍ਰਾਪਤ ਕਰਨ ਲਈ ਤੇਜ਼ ਅਤੇ ਫੈਸਲਾਕੁੰਨ ਕਦਮ ਚੁੱਕਣ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ। ਇਹ ਨਿੱਜੀ ਅਤੇ ਪੇਸ਼ੇਵਰ ਦੋਵਾਂ ਖੇਤਰਾਂ ਵਿੱਚ ਔਰਤਾਂ ਨੂੰ ਦਰਪੇਸ਼ ਪ੍ਰਣਾਲੀਗਤ ਰੁਕਾਵਟਾਂ ਅਤੇ ਪੱਖਪਾਤਾਂ ਨੂੰ ਹੱਲ ਕਰਨ ਲਈ ਵਧਦੀ ਗਤੀ ਅਤੇ ਜ਼ਰੂਰਤਾਂ ਦੀ ਮੰਗ ਕਰਦਾ ਹੈ। ਇਹ ਥੀਮ ਅਜਿਹੀ ਕਾਰਵਾਈ ਦੀ ਮੰਗ ਕਰਦਾ ਹੈ ਜੋ ਸਾਰਿਆਂ ਲਈ ਬਰਾਬਰ ਅਧਿਕਾਰ, ਸ਼ਕਤੀ ਅਤੇ ਮੌਕੇ ਅਤੇ ਇੱਕ ਨਾਰੀਵਾਦੀ ਭਵਿੱਖ ਨੂੰ ਖੋਲ੍ਹ ਸਕੇ ਜਿੱਥੇ ਕੋਈ ਵੀ ਪਿੱਛੇ ਨਾ ਰਹੇ। ਇਸ ਦ੍ਰਿਸ਼ਟੀਕੋਣ ਦਾ ਕੇਂਦਰ ਅਗਲੀ ਪੀੜ੍ਹੀ ਖਾਸ ਕਰਕੇ ਨੌਜਵਾਨ ਔਰਤਾਂ ਅਤੇ ਕਿਸ਼ੋਰ ਕੁੜੀਆਂ ਨੂੰ ਸਥਾਈ ਤਬਦੀਲੀ ਲਈ ਉਤਪ੍ਰੇਰਕ ਵਜੋਂ ਸਸ਼ਕਤ ਬਣਾਉਣਾ ਹੈ। ਇਸ ਤੋਂ ਇਲਾਵਾ ਇਹ ਸਾਲ ਇੱਕ ਮਹੱਤਵਪੂਰਨ ਪਲ ਹੈ ਕਿਉਂਕਿ ਇਹ ਬੀਜਿੰਗ ਘੋਸ਼ਣਾ ਅਤੇ ਕਾਰਵਾਈ ਲਈ ਪਲੇਟਫਾਰਮ ਦੀ 30ਵੀਂ ਵਰ੍ਹੇਗੰਢ ਨੂੰ ਦਰਸਾਉਂਦਾ ਹੈ। ਇਹ ਦਸਤਾਵੇਜ਼ ਦੁਨੀਆ ਭਰ ਵਿੱਚ ਔਰਤਾਂ ਅਤੇ ਕੁੜੀਆਂ ਦੇ ਅਧਿਕਾਰਾਂ ਲਈ ਸਭ ਤੋਂ ਪ੍ਰਗਤੀਸ਼ੀਲ ਅਤੇ ਵਿਆਪਕ ਤੌਰ ਤੇ ਸਮਰਥਿਤ ਬਲੂਪ੍ਰਿੰਟ ਹੈ ਜਿਸਨੇ ਕਾਨੂੰਨੀ ਸੁਰੱਖਿਆ, ਸੇਵਾਵਾਂ ਤੱਕ ਪਹੁੰਚ, ਨੌਜਵਾਨਾਂ ਦੀ ਸ਼ਮੂਲੀਅਤ, ਅਤੇ ਸਮਾਜਿਕ ਨਿਯਮਾਂ, ਰੂੜ੍ਹੀਵਾਦੀ ਧਾਰਨਾਵਾਂ ਅਤੇ ਅਤੀਤ ਵਿੱਚ ਫਸੇ ਵਿਚਾਰਾਂ ਵਿੱਚ ਤਬਦੀਲੀ ਦੇ ਮਾਮਲੇ ਵਿੱਚ ਔਰਤਾਂ ਦੇ ਅਧਿਕਾਰਾਂ ਦੇ ਏਜੰਡੇ ਨੂੰ ਬਦਲ ਦਿੱਤਾ ਹੈ। ਇੱਕ ਇਤਿਹਾਸਕ ਏਜੰਡਾ ਜਿਸਨੂੰ 1995 ਵਿੱਚ 189 ਸਰਕਾਰਾਂ ਦੁਆਰਾ ਦੁਨੀਆ ਭਰ ਵਿੱਚ ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਸਮਰਥਨ ਦਿੱਤਾ ਗਿਆ ਸੀ। ਤੀਹ ਸਾਲ ਬਾਅਦ, ਸ਼ਾਨਦਾਰ ਪ੍ਰਾਪਤੀਆਂ ਦੇ ਬਾਵਜੂਦ, ਲਿੰਗ-ਅਧਾਰਤ ਹਿੰਸਾ, ਆਰਥਿਕ ਅਸਮਾਨਤਾਵਾਂ ਅਤੇ ਰਾਜਨੀਤਿਕ ਪ੍ਰਤੀਨਿਧਤਾ ਦੀ ਘਾਟ ਵਰਗੇ ਮੁੱਦੇ ਬਣੇ ਹੋਏ ਹਨ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅੱਤਿਆਚਾਰ ਵਧਦੇ ਜਾ ਰਹੇ ਹਨ। ਅੰਤਰਰਾਸ਼ਟਰੀ ਮਹਿਲਾ ਦਿਵਸ ਪੂਰੇ ਇਤਿਹਾਸ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਸਮਾਨਤਾ ਲਈ ਚੱਲ ਰਹੇ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਹ ਔਰਤਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ, ਔਰਤਾਂ ਦੇ ਸਸ਼ਕਤੀਕਰਨ, ਅਤੇ ਔਰਤਾਂ ਨੂੰ ਦਰਪੇਸ਼ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਕ ਚੁਣੌਤੀਆਂ ਨੂੰ ਉਜਾਗਰ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਹ ਦਿਨ ਔਰਤਾਂ ਦੇ ਅਧਿਕਾਰਾਂ ਅਤੇ ਲਿੰਗ ਸਮਾਨਤਾ ਨੂੰ ਅੱਗੇ ਵਧਾਉਣ ਵਿੱਚ ਕੀਤੀ ਗਈ ਪ੍ਰਗਤੀ ਦਾ ਜਸ਼ਨ ਮਨਾਉਣ ਦਾ ਇੱਕ ਮੌਕਾ ਹੈ ਅਤੇ ਉਸ ਕੰਮ ਨੂੰ ਸਵੀਕਾਰ ਕਰਨ ਦਾ ਵੀ ਹੈ ਜੋ ਅਜੇ ਵੀ ਕੀਤੇ ਜਾਣ ਦੀ ਲੋੜ ਹੈ। ਇਹ ਲਿੰਗ-ਆਧਾਰਿਤ ਹਿੰਸਾ, ਵਿਤਕਰੇ ਅਤੇ ਸਮਾਜ ਦੇ ਵੱਖ-ਵੱਖ ਪਹਿਲੂਆਂ ਵਿੱਚ ਔਰਤਾਂ ਦੀ ਪੂਰੀ ਭਾਗੀਦਾਰੀ ਵਿੱਚ ਰੁਕਾਵਟਾਂ ਵਰਗੇ ਮੁੱਦਿਆਂ ਨੂੰ ਹੱਲ ਕਰਨ ਲਈ ਕਾਰਵਾਈ ਦਾ ਸੱਦਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਪੂਰੇ ਇਤਿਹਾਸ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਸਮਾਨਤਾ ਲਈ ਚੱਲ ਰਹੇ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਭਾਰਤੀ ਸੰਵਿਧਾਨ ਨਾ ਸਿਰਫ਼ ਔਰਤਾਂ ਨੂੰ ਬਰਾਬਰੀ ਪ੍ਰਦਾਨ ਕਰਦਾ ਹੈ, ਰਾਜ ਨੂੰ ਇਸ ਸਬੰਧੀ ਜਰੂਰੀ ਉਪਾਅ ਅਪਣਾਉਣ ਦਾ ਅਧਿਕਾਰ ਵੀ ਦਿੰਦਾ ਹੈ। ਭਾਰਤ ਵਿੱਚ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ, ਪ੍ਰਧਾਨ ਮੰਤਰੀ , ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀਆਂ ਹਨ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਮੁੱਖ ਸਕੱਤਰ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ ਜਿਸਨੂੰ ਵੇਖਕੇ ਲਗਦਾ ਹੈ ਕਿ ਸਾਡੇ ਦੇਸ਼ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਮਹਿਲਾਵਾਂ ਨਾਲ ਵਾਪਰਦੇ ਅਪਰਾਧਾਂ ਦੀਆਂ ਘਟਨਾਵਾਂ ਬਾਰੇ ਸਹੀ ਅੰਕੜੇ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ ਕਿਉਂਕਿ ਵੱਡੀ ਗਿਣਤੀ ਵਿੱਚ ਕੇਸ ਰਿਪੋਰਟ ਨਹੀਂ ਕੀਤੇ ਜਾਂਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ 445256 ਮਾਮਲੇ ਸਾਹਮਣੇ ਆਏ ਹਨ ਅਤੇ 4ਗ ਦੇ ਦੁਖਦਾਈ ਵਾਧੇ ਦਾ ਖੁਲਾਸਾ ਕੀਤਾ ਹੈ। ਇਸ ਵਿੱਚ ਪਤੀਆਂ ਅਤੇ ਰਿਸ਼ਤੇਦਾਰਾਂ ਦੁਆਰਾ ਬੇਰਹਿਮੀ, ਅਗਵਾ, ਹਮਲੇ ਅਤੇ ਬਲਾਤਕਾਰ ਦੇ ਮਾਮਲੇ ਸ਼ਾਮਲ ਹਨ। ਇਸ ਰਿਪੋਰਟ ਵਿੱਚ ਔਰਤਾਂ ਦੇ ਖਿਲਾਫ ਰਿਪੋਰਟ ਕੀਤੇ ਗਏ ਅਪਰਾਧਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ ਜੋ ਕਿ 2020 ਵਿੱਚ 371503 ਕੇਸਾਂ ਤੋਂ ਵੱਧ ਕੇ 2022 ਵਿੱਚ 445256 ਕੇਸਾਂ ਤੱਕ ਪਹੁੰਚ ਗਿਆ ਹੈ। ਜਦੋਂ ਰਾਜਾਂ ਤੇ ਨਜ਼ਰ ਮਾਰਦੇ ਹਾਂ ਤਾਂ ਇਸ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਵਿੱਚ 65743 ਕੇਸ ਦਰਜ ਕੀਤੇ ਗਏ ਹਨ ਜੋਕਿ ਔਰਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ, ਇਸ ਤੋਂ ਬਾਅਦ ਮਹਾਰਾਸ਼ਟਰ 45331 ਅਤੇ ਰਾਜਸਥਾਨ ਵਿੱਚ 45058 ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਔਰਤਾਂ ਵਿਰੁੱਧ ਸਭ ਤੋਂ ਵੱਧ ਅਪਰਾਧਾਂ ਦੀ ਗਿਣਤੀ 14158 ਲਗਾਤਾਰ ਤੀਜੇ ਸਾਲ ਦਰਜ ਕੀਤੀ ਗਈ ਹੈ ਅਤੇ ਹਰ 100000 ਔਰਤਾਂ ਪਿੱਛੇ ਲੱਗਭੱਗ 186.9 ਅਪਰਾਧ ਦਰਜ ਕੀਤੇ ਗਏ ਹਨ। ਰਾਸ਼ਟਰੀ ਮਹਿਲਾ ਆਯੋਗ ਦੀ ਰਿਪੋਰਟ ਅਨੁਸਾਰ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 30693 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਸਭ ਤੋਂ ਵੱਧ ਸ਼ਿਕਾਇਤਾਂ ਵਾਲੇ 10 ਰਾਜਾਂ ਵਿੱਚੋਂ ਉੱਤਰ ਪ੍ਰਦੇਸ਼ ਤੋਂ ਲੱਗਭੱਗ 17048 ਸ਼ਿਕਾਇਤਾਂ, ਦਿੱਲੀ ਤੋਂ 2822, ਬਿਹਾਰ ਤੋਂ 1360, ਮਹਾਰਾਸ਼ਟਰ ਤੋਂ 1336, ਹਰਿਆਣਾ ਤੋਂ 1391, ਮੱਧ ਪ੍ਰਦੇਸ਼ ਤੋਂ 1162, ਰਾਜਾਸਥਾਨ ਤੋਂ 1003, ਤਾਮਿਲਨਾਡੂ ਤੋਂ 645, ਪੱਛਮੀ ਬੰਗਾਲ ਤੋਂ 615 ਅਤੇ ਕਰਨਾਟਕਾ ਤੋਂ 524 ਸ਼ਿਕਾਇਤਾਂ ਮਿਲੀਆਂ ਹਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅੱਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਨਾਲ ਵਿਆਹ ਸਬੰਧੀ ਸ਼ਕਾਇਤਾਂ ਮੁੱਖ ਤੋਰ ਤੇ ਸ਼ਾਮਿਲ ਹਨ। ਰਾਸਟਰੀ ਮਹਿਲਾ ਆਯੋਗ ਕੋਲ ਪਹੁੰਚੀਆਂ ਸ਼ਿਕਾਇਤਾਂ ਵਿੱਚੋਂ ਸਭ ਤੋਂ ਵੱਧ 9596 ਇੱਜ਼ਤ ਨਾਲ ਜਿਉਣ ਦੇ ਅਧਿਕਾਰ, 6916




(ਬਾਕੀ ਅਗਲੇ ਸਫੇ 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਤਰਰਾਸ਼ਟਰੀ ਮਹਿਲਾ ਦਿਵਸ 08 ਮਾਰਚ ਲਈ ਵਿਸ਼ੇਸ਼

(ਸਫਾ 6 ਦੀ ਬਾਕੀ)

ਘਰੇਲੂ ਹਿੰਸਾ, 4534 ਦਾਜ ਉਤਪੀੜਨ ਨਾਲ ਸਬੰਧਤ, 2666 ਔਰਤਾਂ ਦੀ ਇਜਤ ਨਾਲ ਛੇੜਛਾੜ ਕਰਨ, 1723 ਬਲਾਤਕਾਰ ਅਤੇ ਬਲਾਤਕਾਰ ਦੀ ਕੋਸ਼ਿਸ਼ ਨਾਲ ਸਬੰਧਤ, 1496 ਸ਼ਿਕਾਇਤਾਂ ਔਰਤਾਂ ਪ੍ਰਤੀ ਪੁਲਿਸ ਦੀ ਬੇਰੁਖ਼ੀ ਅਤੇ 840 ਸ਼ਿਕਾਇਤਾਂ ਸਾਈਬਰ ਅਪਰਾਧਾਂ ਨਾਲ ਸਬੰਧਤ ਸਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਸ਼ਿਕਾਇਤਾਂ ਦੀ ਗਿਣਤੀ ਵਧਣਾ ਚੰਗੀ ਗੱਲ ਹੋ ਸਕਦੀ ਹੈ ਕਿਉਂਕਿ ਇਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਔਰਤਾਂ ਵਿੱਚ ਬੋਲਣ ਦੀ ਹਿੰਮਤ ਹੈ ਅਤੇ ਹੁਣ ਸੁਣਵਾਈ ਲਈ ਪਲੇਟਫਾਰਮ ਮੌਜੂਦ ਹਨ। ਪਹਿਲਾਂ ਔਰਤਾਂ ਸ਼ਾਇਦ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਨਹੀਂ ਆ ਰਹੀਆਂ ਸਨ, ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਅੱਤਿਆਚਾਰ ਸਹਿ ਰਹੀਆਂ ਸਨ। ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲ ਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। 128ਵੇਂ ਸੰਵਿਧਾਨਕ ਸੋਧ ਬਿੱਲ 2023 ਜਾਂ ਨਾਰੀ ਸ਼ਕਤੀ ਵੰਦਨ ਅਧਿਨਿਯਮ ਅਨੁਸਾਰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਇੱਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਕਰਨ ਦਾ ਪ੍ਰਸਤਾਵ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਅਤੇ ਸਹਿਰੀ ਸ਼ਾਸਨ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ। ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ ਅਤੇ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਅਤੇ ਮਹਿਲਾਵਾਂ ਨੂੰ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਹੋ ਸਕੇ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਮਨਾਉਣ ਦਾ ਮੰਤਬ ਤਾਂ ਹੀ ਪੂਰਾ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ ਨਹੀਂ ਤਾਂ ਇਸ ਸਬੰਧੀ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਬਣਕੇ ਰਹਿ ਜਾਣਗੇ।

# ਗੋਲਡ ਕਾਰਡ ਦੀ ਬਜਾਏ ਯੋਗਤਾ ਅਧਾਰਤ ਪ੍ਰਵਾਸ ਪ੍ਰਣਾਲੀ ਦੀ ਲੋੜ-ਸਾਂਸਦ ਆਰ. ਓ.ਖੰਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਡੈਮੋਕਰੈਟਿਕ ਸਾਂਸਦ ਆਰ ਖੰਨਾ ਨੇ ਰਾਸ਼ਟਰ-ਪਤੀ ਡੋਨਾਲਡ ਟਰੰਪ ਦੇ ਪ੍ਰਸਤਾਵਿਤ 'ਗੋਲਡ ਕਾਰਡ' ਪ੍ਰੋਗਰਾਮ ਦਾ ਜੋਰਦਾਰ ਵਿਰੋਧ ਕੀਤਾ ਹੈ ਜਿਸ ਤਹਿਤ 50 ਲੱਖ ਡਾਲਰ ਦੇ ਵਿਦੇਸ਼ੀ ਨਿਵੇਸ਼ ਬਦਲੇ ਅਮਰੀਕੀ ਨਾਗਰਿਕਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਸਾਂਸਦ ਖੰਨਾ ਨੇ 'ਨਿਊਜਵੀਕ' ਨਾਲ ਇਕ ਮੁਲਾਕਾਤ ਦੌਰਾਨ ਕਿਹਾ ਕਿ ;ਅਮਰੀਕਾ ਵਿਚ ਸਫਲ ਕੰਪਨੀ ਬਣਾਉਣ ਲਈ ਤੁਹਾਡੇ ਬੈਂਕ ਖਾਤੇ ਵਿਚ 50 ਲੱਖ ਡਾਲਰ ਹੋਣੇ ਜਰੂਰੀ ਨਹੀਂ ਹਨ। ਸਰਗੀ ਬ੍ਰਿਨ, ਸੁੰਦਰ ਪਿਚਾਈ ਜਾਂ ਸਤਿਆ ਨੇਡੈਲਾ ਦੀ ਉਦਾਹਰਣ ਸਾਹਮਣੇ ਹੈ। ਉਨਾਂ ਨੇ ਗੁਣਵੱਤਾ ਅਧਾਰਤ ਪ੍ਰਵਾਸ ਵਿਵਸਥਾ ਉਪਰ ਜੋਰ ਦਿੱਤਾ ਜਿਸ ਤਹਿਤ ਕੁਸ਼ਲ ਵਰਕਰਾਂ ਨੂੰ ਪਹਿਲ ਦਿੱਤੀ ਜਾਵੇ ਤੇ ਇਸ ਦੇ ਨਾਲ ਹੀ ਸ਼ੋਸਣ ਵਿਰੁੱਧ ਸੁਰੱਖਿਆ ਵਜੋਂ ਐਚ-1ਬੀ ਵੀਜਾ ਪ੍ਰੋਗਰਾਮ ਵਿਚ ਸੁਧਾਰ ਕੀਤਾ ਜਾਵੇ। ਉਨਾਂ ਕਿਹਾ ਕਿ ਸਾਨੂੰ ਕੁਸ਼ਲ ਵਰਕਰਾਂ ਦਾ ਸਵਾਗਤ ਕਰਨਾ ਚਾਹੀਦਾ ਹੈ ਜੋ ਸਿਰਜਨਾਤਮਿਕ ਤੇ ਉਸਾਰੂ ਯੋਗਤਾ ਰਖਦੇ ਹਨ। ਇਨਾਂ ਵਰਕਰਾਂ ਦਾ ਸ਼ੋਸ਼ਣ ਨਾ ਹੋਵੇ ਜਿਸ ਵਾਸਤੇ ਐਚ-1ਬੀ ਪ੍ਰੋਗਰਾਮ ਵਿਚ ਫੇਰਬਦਲ ਦੀ ਲੋੜ ਹੈ।



ਜਿਕਰਯੋਗ ਹੈ ਕਿ ਟਰੰਪ ਨੇ ਅਮੀਰ ਵਿਦੇਸ਼ੀਆਂ ਲਈ ਗਲੋਂਡ ਕਾਰਡ ਪ੍ਰੋਗਰਾਮ ਦਾ ਐਲਾਨ ਕੀਤਾ ਹੈ ਜਿਸ ਤਹਿਤ 50 ਲੱਖ ਅਮਰੀਕੀ ਡਾਲਰ ਫੀਸ ਦੇ ਬਦਲੇ ਉਨਾਂ ਨੂੰ ਅਮਰੀਕਾ ਵਿਚ ਰਹਿਣ ਤੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ ਅਤੇ ਅਮਰੀਕੀ ਨਾਗਰਿਕਤਾ ਦਿੱਤੀ ਜਾਵੇਗੀ। ਕਾਰਡਾਂ ਦੀ ਵਿਕਰੀ ਛੇਤੀ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨਾਂ ਕਾਰਡਾਂ ਦੀ ਕੋਈ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ ਹੈ। ਟਰੰਪ ਨੂੰ ਆਸ ਹੈ ਕਿ ਇਸ ਨਾਲ ਅਮੀਰ ਵਿਦੇਸ਼ੀ ਅਮਰੀਕਾ ਵੱਲ ਰੁਖ ਕਰਨਗੇ ਜਿਸ ਨਾਲ ਅਮਰੀਕੀ ਅਰਥ ਵਿਵਸਥਾ ਮਜਬੂਤ ਹੋਵੇਗੀ। ਵਣਜ ਸਕੱਤਰ ਹਾਵਰਡ ਲੁਟਨਿਕ ਅਨੁਸਾਰ ਮੌਜੂਦਾ ਈ ਬੀ-5 ਵੀਜਾ ਤਹਿਤ ਗਰੀਨ ਕਾਰਡ ਲੈਣ ਲਈ ਬਹੁਤ ਘੱਟ ਕੀਮਤ ਰਖੀ ਗਈ ਹੈ। ਈ ਬੀ-5 ਵੀਜਾ ਪ੍ਰੋਗਰਾਮ ਤਹਿਤ ਬਿਨੇਕਾਰ ਨੂੰ 8 ਲੱਖ ਡਾਲਰ ਤੋਂ 10 ਲੱਖ ਡਾਲਰ ਦੇ ਦਰਮਿਆਨ ਨਿਵੇਸ਼ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ 1 ਲੱਖ ਡਾਲਰ ਤੋਂ 2 ਲੱਖ ਡਾਲਰ ਤੱਕ ਕਵਰਿੰਗ ਫੀਸ ਦੇਣੀ ਪੈਂਦੀ ਹੈ ਤੇ ਘੱਟੋ ਘੱਟ 10 ਅਮਰੀਕੀਆਂ ਨੂੰ ਕੰਮ 'ਤੇ ਰਖਣਾ ਪੈਂਦਾ ਹੈ। ਇਸੇ ਦੌਰਾਨ ਇਮੀਗ੍ਰੇਸ਼ਨ ਨੀਤੀ ਮਾਹਿਰਾਂ ਨੇ ਕਿਹਾ ਹੈ ਕਿ ਰਾਸ਼ਟਰਪਤੀ ਕੋਲ ਨਵੀਂ ਵੀਜਾ ਸ਼੍ਰੇਣੀ ਬਣਾਉਣ ਜਾਂ ਈ ਬੀ-5 ਪ੍ਰੋਗਰਾਮ ਨੂੰ ਖਤਮ ਕਰਨ ਦਾ ਅਧਿਕਾਰ ਨਹੀਂ ਹੈ, ਇਹ ਅਧਿਕਾਰ ਅਮਰੀਕੀ ਕਾਂਗਰਸ ਕੋਲ ਹੈ।

# ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਵਿਆਪਕ ਤੌਰ 'ਤੇ ਕੰਮ ਤੋਂ ਹਟਾਉਣਾ ਗੈਰ ਕਾਨੂੰਨੀ-ਅਦਾਲਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਸੈਨਫਰਾਂਸਿਸਕੋ ਵਿਚ ਇਕ ਸੰਘੀ ਜੱਜ ਨੇ ਆਪਣੇ ਇਕ ਆਦੇਸ਼ ਵਿਚ ਕਿਹਾ ਹੈ ਕਿ ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਸਮੂਹਿਕ ਤੌਰ 'ਤੇ ਫਾਰਗ ਕਰਨਾ ਕਾਨੂੰਨੀ ਨਹੀਂ ਹੈ। ਜੱਜ ਦੇ ਇਸ ਆਦੇਸ਼ ਨਾਲ ਲੇਬਰ ਯਨੀਅਨਾਂ ਤੇ ਸੰਗਠਨਾਂ ਦੇ ਗਠਜੋੜ ਨੂੰ ਆਰਜੀ ਰਾਹਤ ਮਿਲੀ ਹੈ ਜਿਨਾਂ ਨੇ ਦਾਇਰ ਪਟੀਸ਼ਨ ਵਿਚ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਨੂੰ ਸੰਘੀ ਕਾਮਿਆਂ ਨੂੰ ਸਮੂਹਿਕ ਤੌਰ 'ਤੇ ਨੌਕਰੀ ਤੋਂ ਹਟਾਉਣ ਤੋਂ ਰੋਕਿਆ ਜਾਵੇ।

ਯੂ ਐਸ ਡਿਸਟ੍ਰਿਕਟ ਜੱਜ ਵਿਲੀਅਮ ਐਲਸਪ ਨੇ ਪ੍ਰਸੋਨਲ ਮੈਨਜਮੈਂਟ ਦੇ ਦਫਤਰ ਨੂੰ ਆਦੇਸ਼ ਦਿੱਤਾ ਹੈ ਕਿ ਵਿਸ਼ੇਸ਼ ਸੰਘੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਵੇ ਕਿ ਉਨਾਂ ਨੂੰ ਰਖਿਆ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਪ੍ਰਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਹਟਾਉਣ ਦਾ ਕੋਈ ਅਧਿਕਾਰ ਨਹੀਂ ਹੈ। ਜੱਜ ਨੇ ਕਿਹਾ ਹੈ ਕਿ ਪ੍ਰਸੋਨਲ ਮੈਨਜਮੈਂਟ ਦਫਤਰ ਕਿਸੇ ਵੀ ਵਿਵਸਥਾ ਤਹਿਤ ਮੁਲਾਜ਼ਮਾਂ ਨੂੰ ਹਟਾ ਨਹੀਂ ਸਕਦਾ।

# ਯੂਰਪੀ ਯੂਨੀਅਨ ਵੱਲੋਂ 800 ਅਰਬ ਯੂਰੋ ਦੀ ਰੱਖਿਆ ਯੋਜਨਾ ਦੀ ਤਜਵੀਜ਼

**ਬਰੱਸਲਜ਼**- ਯੂਰਪੀ ਯੂਨੀਅਨ (ਈਯੂ) ਦੀ ਕਾਰਜਕਾਰੀ ਮੁਖੀ ਨੇ ਮੈਂਬਰ ਮੁਲਕਾਂ ਦੀ ਸੁਰੱਖਿਆ ਵਧਾਉਣ ਲਈ 800 ਅਰਬ ਯੂਰੋ (841 ਅਰਬ ਡਾਲਰ) ਦੀ ਯੋਜਨਾ ਦੀ ਤਜਵੀਜ਼ ਪੇਸ਼ ਕੀਤੀ। ਇਸ ਦਾ ਮਕਸਦ ਅਮਰੀਕਾ ਦੇ ਰੱਖਿਆ ਸਹਿਯੋਗ ਤੋਂ ਵੱਖ ਹੋਣ ਦੇ ਸੰਭਾਵੀ ਕਦਮ ਦਾ ਟਾਕਰਾ ਕਰਨਾ ਹੈ ਅਤੇ ਜੰਗ ਨਾਲ ਜੂਝ ਰਹੇ ਯੂਕਰੇਨ ਨੂੰ ਰੂਸ ਨਾਲ ਗੱਲਬਾਤ ਕਰਨ ਲਈ ਸੈਨਿਕ ਬਲ ਮੁਹੱਈਆ ਕਰਨਾ ਹੈ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੋਨ ਡੇਰ ਲੇਯੇਨ ਨੇ ਕਿਹਾ ਕਿ ਵੱਡੇ 'ਰੀਆਰਮ ਯੂਰਪ' (ਆਰਈਆਰਐੱਮ) ਪੈਕੇਜ ਨੂੰ 27 ਯੂਰਪੀ ਯੂਨੀਅਨ ਆਗੂਆਂ ਸਾਹਮਣੇ ਰੱਖਿਆ ਜਾਵੇਗਾ, ਜੋ ਅਮਰੀਕਾ 'ਚ ਵਧਦੀ ਰਾਜਸੀ ਬੇਯਕੀਨੀ ਦੇ ਬਾਅਦ ਵੀਰਵਾਰ ਨੂੰ ਬਰੱਸਲਜ਼ 'ਚ ਇੱਕ ਹੰਗਾਮੀ ਮੀਟਿੰਗ 'ਚ ਮਿਲਣਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪ ਮਹਾਂਦੀਪ ਲਈ ਆਪਣੇ ਗੱਠਜੋੜ ਤੇ ਯੂਕਰੇਨ ਦੀ ਰੱਖਿਆ ਦੋਵਾਂ 'ਤੇ ਸਵਾਲ ਉਠਾਏ ਸਨ। ਵਾਨ ਡੇਰ ਲੇਯੇਨ ਨੇ ਕਿਹਾ, ''ਮੈਨੂੰ ਉਨ੍ਹਾਂ ਖ਼ਤਰਿਆਂ ਦੀ ਗੰਭੀਰ ਪ੍ਰਕਿਰਤੀ ਬਾਰੇ ਦੱਸਣ ਦੀ ਲੋੜ ਨਹੀਂ ਹੈ, ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ।'' ਯੂਰਪੀ ਯੂਨੀਅਨ ਦੇ ਦੇਸ਼ਾਂ ਦੀ ਦੁਚਿੱਤੀ ਦਾ ਮੁੱਖ ਕਾਰਨ ਪਿਛਲੇ ਦਹਾਕਿਆਂ 'ਚ ਰੱਖਿਆ 'ਤੇ ਵੱਧ ਖਰਚ ਕਰਨ ਦੀ ਇੱਛਾ ਨਾ ਹੋਣਾ ਰਿਹਾ ਹੈ, ਕਿਉਂਕਿ ਉਹ ਅਮਰੀਕੀ ਸੁਰੱਖਿਆ ਗਾਰੰਟੀ ਦੀ ਛੱਤਰੀ ਹੇਠ ਸਨ।




**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com




ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥

# ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।

## ਸ਼੍ਰੀਮਤੀ ਅਤੇ ਸ਼੍ਰੀ ਰਾਮ ਸਰੋਏ ਅਤੇ ਸਮੂਹ ਪਰਿਵਾਰ



**Cell (510) 368-3983**

**SAROAY INVESTMENT REALTY**

**Ram Saroay**
Broker/Realtor
Commercial Properties
Business License 031035
ramsaroay@hotmail.com



ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥

ਵਹਿਮਾਂ ਭਰਮਾਂ, ਪਾਖੰਡਾਂ, ਅਡੰਬਰਾਂ, ਅੰਧਵਿਸ਼ਵਾਸਾਂ, ਜਾਤਪਾਤ, ਛੂਆਛਾਤ, ਊਚਨੀਚ, ਅਨਿਆਂ, ਨਾਂਬਰਾਬਰੀ ਆਦਿ ਸਮਾਜਿਕ ਬੁਰਾਈਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਮਹਾਨ ਸਮਾਜ਼ ਸੁਧਾਰਕ, ਕ੍ਰਾਂਤੀਕਾਰੀ ਯੋਧਾ "ਬੇਗਮ ਪੁਰਾ" ਦੀ ਮਾਨਵਤਾਵਾਦੀ ਵਿਚਾਰਧਾਰਾ ਦੇਣ ਵਾਲੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਅਤੇ 25ਵੇਂ ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ।





ਬਲਜੀਤ ਸਿੰਘ (ਸਟੇਜ ਸਕੱਤਰ)
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)
6221 16th Street, Rio Linda CA 95673

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥ (ਪੰਨਾ 858)

ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।

ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

## ਸ਼੍ਰੀ ਇੰਦਰਜੀਤ ਪਡਵੱਗਾ

ਜਨਰਲ ਸਕੱਤਰ
ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ
ਅਤੇ ਸ਼੍ਰੀਮਤੀ
ਨਰਿੰਦਰ ਕੌਰ ਪਡਵੱਗਾ




**NSB Insurance**

**NIRMAL SINGH BADHAN**

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928




**Kash FABRICS**

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥



ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।



ਰਾਜ ਕੁਮਾਰ ਸੂਦ, ਰਸ਼ਪਾਲ ਕੌਰ ਰਾਏ, ਦੀਪਕ ਕੁਮਾਰ ਸੂਦ, ਉਦੇ ਕੁਮਾਰ ਸੂਦ

ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com



ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥ (ਪੰਨਾ 858)

**ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।**



**ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**

**ਰਾਜ ਕੁਮਾਰ ਜੱਸੀ, ਰਤਨ ਪਾਲ ਜੱਸੀ ਅਤੇ ਸਮੂਹ ਜੱਸੀ ਪਰਿਵਾਰ**

# ਰਾਸ਼ਟਰਪਤੀ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਮੀਟਿੰਗ ਦੌਰਾਨ ਹੋਈ ਤਕਰਾਰ ਉਪਰੰਤ ਜ਼ੇਲੈਂਸਕੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਯੁਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਵਿਚਾਲੇ ਵਾਈਟ ਹਾਊਸ ਵਿਚ ਹੋਈ ਮੀਟਿੰਗ ਦੌਰਾਨ ਦੋਨਾਂ ਆਗੂਆਂ ਵਿਚਾਲੇ ਤਕਰਾਰ ਹੋਣ ਦੀ ਖਬਰ ਹੈ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਵੀ ਮੌਜੂਦ ਸਨ। ਬਿਨਾਂ ਕਿਸੇ ਸਿੱਟੇ ਦੇ ਖਤਮ ਹੋਈ ਮੀਟਿੰਗ ਦੌਰਾਨ ਸਥਿੱਤੀ ਇਸ ਹੱਦ ਤੱਕ ਅਣਸੁਖਾਵੀਂ ਬਣ ਗਈ ਕਿ ਟਰੰਪ ਨੇ ਯੁਕਰੇਨੀ ਰਾਸ਼ਟਰਪਤੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਹਿ ਦਿੱਤਾ। ਵਾਈਟ ਹਾਊਸ ਦੇ ਇਕ ਅਧਿਕਾਰੀ ਅਨੁਸਾਰ ਬਾਅਦ ਵਿਚ ਜ਼ੇਲੈਂਸਕੀ ਤੁਰੰਤ ਵਾਈਟ ਹਾਊਸ ਛੱਡ ਕੇ ਚਲੇ ਗਏ। ਮੀਟਿੰਗ ਵਿਚ ਯੁਕਰੇਨ ਦੇ ਕੁੱਦਰਤੀ ਖਣਿਜ ਪਦਾਰਥਾਂ ਸਬੰਧੀ ਦੋਨਾਂ ਦੇਸ਼ਾਂ ਵਿਚਾਲੇ ਸਮਝੌਤੇ ਉਪਰ ਦਸਤਖਤ ਕੀਤੇ ਜਾਣੇ ਸਨ ਪਰੰਤੂ ਅਜਿਹਾ ਸੰਭਵ ਨਹੀਂ ਹੋ ਸਕਿਆ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਜ਼ੇਲੈਂਸਕੀ ਨੂੰ ਕਿਹਾ ਕਿ ਉਹ ਟਰੰਪ ਪ੍ਰਤੀ ਅਣਉੱਚਿਤ ਰਵਈਆ ਰਖਦੇ ਹਨ। ਤੁਹਾਨੂੰ ਰੂਸ ਨਾਲ ਜੰਗ ਦੇ ਕਾਰਨਾਂ ਬਾਰੇ ਭਾਸ਼ਣ ਦੇਣ ਦੀ ਬਜਾਏ ਅਮਰੀਕਾ ਦਾ ਧੰਨਵਾਦ ਕਰਨਾ ਚਾਹੀਦਾ ਹੈ। ਮੀਟਿੰਗ ਤੋਂ ਕੁਝ ਸਮੇ ਬਾਅਦ ਟਰੰਪ ਨੇ ਕਿਹਾ ਕਿ 'ਰਾਸ਼ਟਰਪਤੀ ਜ਼ੇਲੈਂਸਕੀ ਅਮਨ ਲਈ ਤਿਆਰ ਨਹੀਂ ਹੈ। ਉਸ ਨੇ ਵਾਲ ਦਫਤਰ ਵਿਚ ਅਮਰੀਕਾ ਦਾ ਅਪਮਾਨ ਕੀਤਾ ਹੈ। ਹੁਣ ਉਹ ਦੋਂ ਹੀ ਵਾਪਿਸ ਆ ਸਕਦਾ ਹੈ ਜਦੋਂ ਅਮਨ ਲਈ ਤਿਆਰ ਹੋਵੇਗਾ। ਮੀਟਿੰਗ ਉਪਰੰਤ ਟਰੰਪ ਤੇ ਜ਼ੇਲੈਂਸਕੀ ਦੀ ਰੱਖੀ ਸਾਂਝੀ ਪ੍ਰੈਸ ਕਾਨਫਰੰਸ ਨੂੰ ਰੱਦ ਕਰ ਦਿੱਤਾ ਗਿਆ। ਰਾਸ਼ਟਰਪਤੀ ਟਰੰਪ ਵੱਲੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਯੁਕਰੇਨ



ਨਾਲ ਜੰਗ ਖਤਮ ਕਰਨ ਬਾਰੇ ਕੀਤੀ ਗੱਲਬਾਤ ਉਪਰੰਤ ਇਹ ਮੀਟਿੰਗ ਸੰਭਵ ਹੋਈ ਸੀ। ਮੀਟਿੰਗ ਵਿਚ ਉਸ ਵੇਲੇ ਪਾਰਾ ਸਿਖਰ 'ਤੇ ਪੁੱਜ ਗਿਆ ਜਦੋਂ ਜ਼ੇਲੈਂਸਕੀ ਨੇ ਕਿਹਾ ਅਮਰੀਕਾ ਹੁਣ ਪਿੱਛੇ ਹਟ ਰਿਹਾ ਹੈ ਪਰੰਤੂ ਇਸ ਬਾਰੇ ਤੁਹਾਨੂੰ ਭਵਿੱਖ ਵਿਚ ਅਹਿਸਾਸ ਹੋਵੇਗਾ। ਇਸ 'ਤੇ ਟਰੰਪ ਨੇ ਕਿਹਾ ਸਾਨੂੰ ਇਹ ਦੱਸਣ ਦੀ ਕੋਸ਼ਿਸ ਨਾ ਕਰੋ ਕਿ ਅਸੀਂ ਕਿਵੇਂ ਮਹਿਸੂਸ ਕਰਾਂਗੇ, ਅਸੀਂ ਇਕ ਸਮੱਸਿਆ ਹੱਲ ਕਰਨ ਦਾ ਯਤਨ ਕਰ ਰਹੇ ਹਾਂ। ਜ਼ੇਲੈਂਸਕੀ ਨੇ ਟੋਕਦਿਆਂ ਕਿਹਾ ਮੈ ਤੁਹਾਨੂੰ ਸਮਝਾ ਨਹੀਂ ਰਿਹਾ। ਇਸ 'ਤੇ ਵੈਂਸ ਨੇ ਕਿਹਾ 'ਹਾਂ ਬਿਲਕੁੱਲ ਇਹ ਹੀ ਤਾਂ ਤੂੰ ਕਰ ਰਿਹਾ ਹੈ।' ਤੈਸ਼ ਵਿਚ ਆਏ ਟਰੰਪ ਨੇ ਕਿਹਾ 'ਤੂੰ ਇਸ ਸਮੇ ਸਾਨੂੰ ਹੁਕਮ ਦੇਣ ਦੀ ਸਥਿੱਤੀ ਵਿਚ ਨਹੀਂ ਹੈ। ਅਸੀਂ ਬਹੁਤ ਚੰਗਾ ਤੇ ਬਹੁਤ ਮਜਬੂਤ ਅਹਿਸਾਸ ਕਰਾਂਗੇ ਪਰੰਤੂ ਇਸ ਵੇਲੇ ਤੇਰੀ ਹਾਲਤ ਬਹੁਤੀ ਚੰਗੀ ਨਹੀਂ ਹੈ। ਤੂੰ ਚੰਗੀ ਸਥਿੱਤੀ ਵਿਚ ਨਹੀਂ ਹੈ।

ਟਰੰਪ ਨੇ ਆਪਣੀ ਗਲ ਜਾਰੀ ਰਖਦਿਆਂ ਕਿਹਾ ਤੂੰ ਲੱਖਾਂ ਲੋਕਾਂ ਦੀ ਜਾਨ ਨਾਲ ਜੂਆ ਖੇਡ ਰਿਹਾ ਹੈ, ਤੂੰ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਿਹਾ ਹੈ ਜੋ ਤੂੰ ਕਰ ਰਿਹਾ ਹੈ ਉਹ ਇਸ ਦੇਸ਼ ਦਾ ਅਪਮਾਨ ਹੈ। ਵਾਈਟ ਹਾਊਸ ਵਿਚੋਂ ਚਲੇ ਜਾਣ ਉਪਰੰਤ ਐਕਸ ਉਪਰ ਪਾਏ ਇਕ ਬਿਆਨ ਵਿਚ ਜ਼ੇਲੈਂਸਕੀ ਨੇ ਅਮਰੀਕਾ ਦਾ ਧੰਨਵਾਦ ਕਰਦਿਆਂ ਕਿਹਾ 'ਸਮਥਰਨ ਕਰਨ ਲਈ ਧੰਨਵਾਦ ਅਮਰੀਕਾ, ਇਸ ਮੀਟਿੰਗ ਲਈ ਧੰਨਵਾਦ। ਯੁਕਰੇਨ ਨੂੰ ਅਮਨ ਦੀ ਲੋੜ ਹੈ, ਅਸੀਂ ਇਸ ਵਾਸਤੇ ਕੰਮ ਕਰ ਰਹੇ ਹਾਂ। ਰੂਸੀ ਆਗੂਆਂ ਨੇ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਹੋਈ ਤਕਰਾਰ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ 'ਢੀਠ ਸੂਰ ਨੂੰ ਆਖਰਕਾਰ ਵਾਲ ਦਫਤਰ ਵਿਚ ਉਚਿੱਤ ਥਪੜ ਪਿਆ ਹੈ।

ਉਹ ਇਸ ਦਾ ਹੀ ਹੱਕਦਾਰ ਹੈ। ਰਸ਼ੀਅਨ ਫੈਡਰੇਸ਼ਨ ਸਕਿਊਰਿਟੀ ਕੌਂਸਲ ਦੇ ਉੱਪ ਪ੍ਰਧਾਨ ਤੇ ਸਾਬਕਾ ਰੂਸੀ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦਮਿਤਰੀ ਮੈਡਵੇਡੇਵ ਐਕਸ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਰਾਸ਼ਟਰਪਤੀ ਟਰੰਪ ਸਹੀ ਹਨ। ਕੀਵ ਹਕੂਮਤ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਹੀ ਹੈ।

# ਸੰਘੀ ਪ੍ਰਸੋਨਲ ਮੈਨਜਮੈਂਟ ਦਫਤਰ ਤੇ ਕਈ ਹੋਰ ਵਿਭਾਗਾਂ ਵੱਲੋਂ ਮੁਲਾਜ਼ਮਾਂ ਨੂੰ ਐਲਨ ਮਸਕ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਾ ਮੰਨਣ ਦੀਆਂ ਹਦਾਇਤਾਂ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਰਬਪਤੀ ਐਲਨ ਮਸਕ ਦੀ ਅਗਵਾਈ ਵਾਲੇ ਸਰਕਾਰੀ ਕੁਸ਼ਲਤਾ ਵਿਭਾਗ (ਡੀ ਓ ਜੀ ਈ) ਅਤੇ ਸੰਘੀ ਪ੍ਰਸੋਨਲ ਮੈਨਜਮੈਂਟ ਦਫਤਰ ਸਮੇਤ ਹੋਰ ਕਈ ਵਿਭਾਗਾਂ ਵਿਚਾਲੇ ਟਕਰਾਅ ਦੀ ਸਥਿੱਤੀ ਬਣ ਗਈ ਹੈ। ਸੰਘੀ ਪ੍ਰਸੋਨਲ ਮੈਨ-ਜਮੈਂਟ ਦਫਤਰ ਨੇ ਆਪਣੇ ਵਰਕਰਾਂ ਨੂੰ ਕਿਹਾ ਹੈ ਕਿ ਉਹ ਐਲਨ ਮਸਕ ਵੱਲੋਂ ਜਾਰੀ ਤਾਜਾ ਨਿਰਦੇਸ਼ ਨੂੰ ਮੰਨਣ ਲਈ ਪਾਬੰਦ ਨਹੀਂ ਹਨ, ਉਹ ਇਸ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਅਰਬਪਤੀ ਐਲਨ ਮਸਕ ਨੂੰ ਇਹ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ ਜਿਸ ਨੇ ਆਪਣੇ ਤਾਜਾ ਨਿਰਦੇਸ਼ ਵਿਚ ਚਿ-ਤਾਵਨੀ ਦਿੱਤੀ ਹੈ ਕਿ ਜੋ ਵਰਕਰ ਉਸ ਦੇ ਵਿਭਾਗ ਵੱਲੋਂ ਮੰਗੀ ਜਾਣਕਾਰੀ ਨਹੀਂ ਦੇਣਗੇ ਉਨਾਂ ਨੂੰ ਫਾਰਗ ਕਰ ਦਿੱਤਾ ਜਾਵੇਗਾ। ਸਰਕਾਰੀ ਕੁਸ਼ਲਤਾ ਵਿਭਾਗ ਨੇ ਪ੍ਰਸੋਨਲ ਮੈਨ-ਜਮੈਂਟ ਦਫਤਰ ਰਾਹੀਂ ਅਨੁਮਾਨਤ 20 ਲੱਖ ਵਰਕਰਾਂ ਨੂੰ ਚਿਤਾਵਨੀ ਭਰਪੂਰ ਈ ਮੇਲੀ ਭੇਜੀ ਹੈ ਜਿਸ ਵਿਚ ਸਾਰੇ ਸੰਘੀ ਵਰਕਰਾਂ ਨੂੰ ਕੁਝ ਵਿਸ਼ੇਸ਼ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਹੈ। ਮਸਕ ਵੱਲੋਂ ਐਕਸ ਉਪਰ ਪਾਈ ਇਕ ਪੋਸਟ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਜਵਾਬ ਨਾ ਦੇਣ ਵਾਲੇ ਵਰਕਰ ਦਾ ਇਹ ਕਦਮ ਅਸਤੀਫਾ ਸਮਝਿਆ ਜਾਵੇਗਾ। ਈਮੇਲ ਵਿਚ ਵਰਕਰਾਂ ਲਈ ਜਵਾਬ ਦੇਣ ਵਾਸਤੇ ਸੋਮਵਾਰ ਅੱਧੀ ਰਾਤ ਤੱਕ ਦੀ ਸਮਾਂ ਸੀਮਾ ਮਿੱਥੀ ਗਈ ਸੀ ਜਦ ਕਿ ਬਾਅਦ ਵਿਚ ਸਰਕਾਰੀ ਕੁਸ਼ਲਤਾ ਵਿਭਾਗ ਨੇ ਭੇਜੀ ਇਕ ਹੋਰ ਈ ਮੇਲ ਵਿਚ ਕਿਹਾ ਕਿ ਜਵਾਬ ਦੇਣਾ 'ਸਵੈਇਛੱਕ' ਹੈ। ਦਰਜਨ ਤੋਂ ਵਧ ਏਜੰਸੀਆਂ ਪਹਿਲਾਂ ਹੀ ਮੁਲਾਜ਼ਮਾਂ ਨੂੰ ਕਹਿ ਚੁੱਕੀਆਂ ਹਨ ਕਿ ਉਹ ਮਸਕ ਦਾ ਜਵਾਬ ਨਾ ਦੇਣ ਕਿਉਂਕਿ ਉਹ ਉਨਾਂ ਦਾ 'ਬੌਸ' ਨਹੀਂ ਹੈ। ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਤੁਲਸੀ ਗੈਬਰਡ ਤੇ ਐਫ ਬੀ ਆਈ ਮੁੱਖੀ ਕਾਸ਼ ਪਟੇਲ ਨੇ ਵੀ ਖੁਫੀਆ ਅਫਸਰਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਮਸਕ ਦੀ ਉਸ ਈ ਮੇਲ ਦਾ ਜਵਾਬ ਨਾ ਦੇਣ ਜਿਸ ਵਿਚ 5 ਚੀਜ਼ਾਂ ਬਾਰੇ ਜਾਣਕਾਰੀ ਮੰਗੀ ਗਈ ਹੈ ਤੇ ਅਜਿਹਾ ਨਾ ਕਰਨ 'ਤੇ ਸੇਵਾਵਾਂ ਖਤਮ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਗੈਬਰਡ ਨੇ ਮਸਕ ਦੀ ਈ ਮੇਲ ਤੋਂ ਕੁਝ ਘੰਟੇ ਬਾਅਦ ਭੇਜੇ ਨਿਰਦੇਸ਼ ਵਿਚ ਗੁਪਤ ਜਾਣਕਾਰੀ ਮੰਗਣ' ਤੇ ਸਵਾਲ ਉਠਾਏ ਹਨ ਤੇ ਇਸ ਨੂੰ ਕੌਮੀ ਸੁਰੱਖਿਆ ਲਈ ਖਤਰਾ ਕਰਾਰ ਦਿੱਤਾ ਹੈ। ਕਾਸ਼ ਪਟੇਲ ਨੇ ਜਾਰੀ ਹਦਾਇਤਾਂ ਵਿਚ ਕਿਹਾ ਹੈ ਕਿ ਕੇਵਲ ਐਫ ਬੀ ਆਈ ਨੂੰ ਹੀ ਆਪਣੀ ਅੰਦਰੂਨੀ ਪ੍ਰਕ੍ਰਿਆ ਦਾ ਜਾਇਜਾ ਲੈਣ ਦਾ ਅਧਿਕਾਰ ਹੈ।

ਰਖਿਆ ਵਿਭਾਗ ਨੇ ਵੀ ਆਪਣੇ ਮੁਲਾਜ਼ਮਾਂ ਨੂੰ ਮਸਕ ਨੂੰ ਜਵਾਬ ਨਾ ਭੇਜਣ ਲਈ ਕਿਹਾ ਹੈ ਜਦ ਕਿ ਵਿਦੇਸ਼ ਵਿਭਾਗ ਦੇ ਅਧਿਕਾਰੀ ਟਿਬਰ ਨੇਗੀ ਨੇ ਸਟਾਫ ਨੂੰ ਯਕੀਨ ਦਵਾਇਆ ਹੈ ਕਿ ਜੇਕਰ ਜਵਾਬ ਦੇਣਾ ਜਰੂਰੀ ਹੋਇਆ ਤਾਂ ਵਿਭਾਗ ਖੁਦ ਇਸ ਨੂੰ ਵੇਖ ਲਵੇਗਾ। ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।

## ਲੋਇਸਿਆਨਾ ਵਿਚ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਦੀ ਜੇਲ ਵਿਚ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਲੋਇਸਿਆਨਾ ਵਿਚ ਇਕ 81 ਸਾਲਾ ਕੈਦੀ ਜਿਸ ਨੂੰ ਆਪਣੇ ਮਤਰੇਏ ਪੁੱਤਰ ਦੀ ਹੱਤਿਆ ਦੇ ਮਾਮਲੇ ਵਿਚ ਕੁਝ ਦਿਨਾਂ ਬਾਅਦ ਫਾਂਸੀ ਦਿੱਤੀ ਜਾਣੀ ਸੀ, ਦੀ ਜੇਲ ਵਿਚ ਮੌਤ ਹੋ ਜਾਣ ਦੀ ਖਬਰ ਹੈ। ਵਕੀਲ ਨੇ ਕਿਹਾ ਹੈ ਕਿ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕ੍ਰਿਸਟੋਫਰ ਸੈਪੂਲਵਾਡੋ ਲੰਬੇ ਸਮੇ ਤੋਂ ਬਿਮਾਰ ਸੀ। ਉਹ ਵੀਲਚੇਅਰ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਉਹ ਕਈ ਬਿਮਾਰੀਆਂ ਤੋਂ ਪੀੜਤ ਸੀ। ਉਸ ਦੀ ਮੌਤ ਦੇ ਵਾਰੰਟ ਜਾਰੀ ਹੋਣ ਤੋਂ ਕੁਝ ਦਿਨ ਪਹਿਲਾਂ ਉਸ ਨੂੰ ਨਿਊ ਰਲੀਨਜ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਜਿਥੋਂ ਛੁੱਟੀ ਮਿਲਣ ਉਪਰੰਤ ਉਹ ਲੋਇਸਿਆਨਾ ਦੀ ਅੰਗੋਲਾ ਸਥਿੱਤ ਸਟੇਟ ਜੇਲ ਵਿਚ ਪਰਤ ਆਇਆ ਸੀ। ਜਨਤਿਕ ਸੁਰੱਖਿਆ ਤੇ ਜੇਲਾਂ ਸਬੰਧੀ ਸਟੇਟ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਸੈਪੂਲਵਾਡੋ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਸ ਦੀ ਮੌਤ ਕੁੱਦਰਤੀ ਕਾਰਨਾਂ ਕਰਕੇ ਹੋਈ ਹੈ।

ਐਸੀ ਲਾਲ ਤੁਝ ਬਿਨੁ ਕਾਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥




ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।




ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

**ਰਾਮ ਸੇਵਕ ਭਾਟੀਆ (ਹੈਡ ਕੈਸੀਅਰ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਅਤੇ ਸਮੂਹ ਭਾਈਆ ਪਰਿਵਾਰ**


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here

SELL OR BUY
Residential • Business • Commercial Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ


ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਐਸੀ ਲਾਲ ਤੁਝ ਬਿਨੁ ਕਾਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥




ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।




ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ. ਲਸ਼ਕਰ ਸਿੰਘ ਬੱਧਣ
ਸਾਬਕਾ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ


# ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਮਾਮਲਿਆਂ ਵਿੱਚ 'ਪੰਜਾਬ ਦੇ ਪਾਣੀ-ਖੇਤੀ ਮਸਲਿਆ' ਤੇ ਵਿਚਾਰ-ਚਰਚਾ

ਸਮਾਜ ਦੇ ਸਰਵ ਵਿਕਾਸ ਵਿਕਾਸ, ਜਨ-ਕਲਿਆਣ ਅਤੇ ਸਾਹਿਤਕ ਸਿਧਾਂਤਾਂ ਦੀ ਪੂਰਤੀ ਲਈ, ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਨੂੰ ਸਾਹਿਤਕ ਕਾਰਜਾਂ ਦੇ ਨਾਲ, ਸੁਚੱਜੇ ਸਮਾਜ ਦੀ ਸਿਰਜਣਾ ਲਈ। ਸਾਧਨਾ ਦੀ ਮਹੱਤਤਾ ਅਤੇ ਦੂਰ ਨਾਲ ਪ੍ਰਤੀਕ੍ਰਿਆ ਮਸਲਿਆ ’ਤੇ ਵਿਚਾਰ ਕਰਨ-ਕਰਨ ਦੇ ਪ੍ਰੋਗਰਾਮ ਦੀ ਪਹਿਲ ਕਦਮੀ ਕੀਤੀ ਗਈ। 'ਰਧੀਂ ਫਾਲਟੇਸ਼ਨ ਕੈਂਟ' ਉਲੀਕੇ ਬਿਆਨ ਘਟਨਾ ਦਾ ਆਗਾਜ਼ ਸਭਾਵਾਂ ਦੇ ਪ੍ਰਧਾਨ ਮੁੱਖ ਮੰਤਰੀ ਨਿਸ਼ਚਤ ਤੌਰ 'ਤੇ ਨੀਤੀ ਨਾਲ ਸਲਾਹੁਣ ਤੋਂ ਲਾਭ ਉਠਾਉਂਦੇ ਹਨ ’ਤੇ ਪੁਹੰਚ ਇੱਥੇ ਨੰਬਰ ਡਾ. ਸੁੱਚਾ ਸਿੰਘ ਗਿੱਲ, ਰਿਟਾਇਰਡ ਪ੍ਰੋਗਰੈਸ ਅਤੇ ਮੁਖੀ ਮੁੱਖ ਸ਼ਾਸ਼ਤਰ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੀ ਪਛਾਣ ਪਛਾਣਦਾ ਹੈ।

ਪਾਣੀ ਅਤੇ ਪਾਣੀ ਦਾ ਵਪਾਰ ਮਸਲਿਆ ਦੇ ਹਰ ਪਹਿਲੂਆਂ ਨੇ ਕਿਹਾ ਅਤੇ ਸਚਿਆ ਆਧਾਰਿਤ ਇਸ਼ਾਰੇ ਲਈ। ਪੇਸ਼ਕਾਰੀ ਲੈਕਚਰ ਵਿਚਾਰ-ਚਰਚਾ ਵਿੱਚ ਅਵਤਾਰ ਸਿੰਘ ਆਦਮਪੁਰ, ਬਲਿਹਾਰ ਸਿੰਘ ਲੇਹਲ, ਧਰਮ ਸਿੰਘ ਮੈਪੁਰੀ, ਅਤੇ ਸਿੰਘ ਸ਼ਕਤੀ, ਹਰਕੀਰਤ ਕੌਮ, ਸ਼ਾਹ ਨਵਾਜ਼ ਚੋਣ ਸਿੰਘ ਮਰਾਲੀ ਨੇ ਭਾਗ ਲੈਂਦਿਆਂ ਡਾ। ਸੁੱਚਾ ਸਿੰਘ ਗਿੱਲ ਸੁਣਾਏ ਨੁਕਤਾ ਨੂੰ ਸੁਣਾਇਆ ਗਿਆ।




ਅੱਜ ਦੇ ਪ੍ਰੋਗਰਾਮ ਵਿੱਚ ਨਵਲਪ੍ਰੀਤ ਰੰਗੀਮਲ ਪੰਜਾਬ ਵਿੱਚ 'ਬੁੱਢੇ ਨਾਲ' ਦੇ ਗਾਡਰ ਹੋ ਰਹੇ ਹਨ ਪਾਣੀ ਦੇ ਡਾਕੂਮੈਂਟਰੀ 'ਕਾਲੇ ਪਾਣੀ ਦਾ ਮੋਰਚਾ' ਰਾਣ ਕੀਤਾ ਗਿਆ ਇਹ ਕਈ ਕਈਆਂ ਨੇ ਮਨੋਂ-ਭਾਵਨਾ ਅਤੇ ਆਪਣੇ ਲਈ।

ਭਾਵੈ ਬਲ ਬਲਿਬਲਰ ਉਤਰੀ ਉਤਰੀ ਗੁਣ ਗਤਿ ਗਾਣਾ ਕੀ ਲਗਿ ਲਗੀ॥


ਬਲਵੰਤ ਰਾਣਾ, ਲਾਲੀ ਪਿੰਡ, ਪਰਮਜੀਤ ਸਿੰਘ, ਸੁਖਦਰਸ਼ਨ, ਜਪ੍ਰੀਤ ਸਿੰਘ, ਪਰਮਵੀਰ ਸਿੰਘ, ਸਿੰਘ ਵਿਸ਼ਵ ਰੰਧਾਵਾ, ਗੁਰਬਿੰਦਰ ਸਿੰਘ, ਕੌਸ਼ਲ ਸਿੰਘ ਦਾਰਾਪੁਰ, ਅੰਮ੍ਰਿਤਪਾਲ ਸਿੰਘ ਹੋਤਾ, ਨਵੀਨ ਰਾਏ ਸਹਾਰਾ ਲੈਹਿਲ, ਕੇਸ ਅੰਤਰ, ਕੰਵਲਜੀਤ ਗੁਣਲ, ਰਵਿੰਦਰਪਾਲ ਸਿੰਘ ਗਿੱਲ, ਗੁਰਸ਼ਨ ਸਿੰਘ ਰਧਾਵਾ, ਸ਼ਰਨ ਕੌਮ, ਧਰਮ ਸਿੰਘ ਮੈਰੀਪੁਰ, ਸਿੰਘ, ਮਨ ਸਿੰਘ, ਹਰਪ੍ਰਕਾਸ਼ ਸਿੰਘ, ਹਰਪ੍ਰਧਾਨ ਸਿੰਘ, ਮੋਪਾਲ ਸਿੰਘ ਹੀਣ, ਜਸਵੀਰ ਸਿੰਘ ਸਹੋਤਾ, ਦਵਿੰਦਰ ਸਿੰਘ, ਰਾਮ ਹੀ ਨਰ ਆਦਿ। ਪਲਾਂ ਦੇ ਹਾਲਾਤਾਂ ਦੀ ਸ਼ੋਭਾ ਸੁਧਾਰ ਕਰਨਾ।

ਸਭਾ ਸੁੱਚਾ ਸਿੰਘ ਗਿੱਲ ਅਤੇ ਦੀ ਚਰਚਾ ਕੰਵਲਜੀਤ ਸੰਤ ਸੰਤ ਨੂੰ ਕਿਹਾ ਗਿਆ। ਧਾਵਲਲੀ ਧਰਮ ਸਿੰਘ ਮੈਰੀਪੁਰ ਨੂੰ ਵੀ ਚਿੰਨ੍ਹ ਨਾਲ ਨਿਵਾਜਿਆ ਗਿਆ। ਪ੍ਰੋਗਰਾਮ ਦੇ ਤਿਆਰ ਕਰਨ ਵਿੱਚ ਲਿਖਾਰੀ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਪੁਹੰਚੀਆਂ ਸ਼ਖਸ਼ੀਅਤਾਂ ਦਾ ਸੁਝਾਅ ਦਿੱਤਾ ਗਿਆ। ਫਿਰਦੀ ਅੱਖ ਨੂੰ ਪੁਲਿਸ ਸਿੰਘ ਮਲਾਸਟਰੀ ਅਤੇ ਲੋਕਲ ਲੇਹਲ ਨੇ ਪ੍ਰੋਗਰਾਮ ’ਤੇ ਦੀਪਿਤ ਰੱਖਿਆ।

**ਬਲਿਹਾਰ ਸਿੰਘ ਲੇਹਲ ਪ੍ਰਧਾਨ+1 206 244 4663**
**ਮੰਗਤ ਕੁਲਜਿੰਦ ਪ੍ਰੈ. ਸਕੱਤਰ +1 425 286 0163**


# 'ਯੁੱਧ ਨਸ਼ਿਆਂ ਵਿਰੁੱਧ’-ਡਿਪਟੀ ਕਮਿਸ਼ਨਰ ਵੱਲੋਂ ਸਮਾਜਿਕ, ਧਾਰਮਿਕ, ਖੇਡ ਸੰਸਥਾਵਾਂ ਨੂੰ ਨਸ਼ਿਆਂ ਖਿਲਾਫ਼ ਅੱਗੇ ਆਉਣ ਦੀ ਦੀ ਅਪੀਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਅਸਰਦਾਰ ਢੰਗ ਨਾਲ ਠੱਲ੍ਹ ਪਾਉਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸੋਮਵਾਰ ਨੂੰ ਸਮਾਜਿਕ, ਧਾਰਮਿਕ, ਵਿੱਦਿਅਕ, ਖੇਡ ਸੰਸਥਾਵਾਂ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਪੰਜਾਬ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਪ੍ਰਸ਼ਾਸਨ ਦਾ ਸਾਥ ਦੇਣ ਦਾ ਸੱਦਾ ਦਿੱਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਵਲ, ਪੁਲਿਸ ਅਤੇ ਸਿਹਤ ਵਿਭਾਗ ਦੈ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਨਸ਼ਿਆਂ ਨਾਲ ਨਜਿੱਠਣ ਲਈ ਉਪਰਾਲੇ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੀ ਗ੍ਰਿਫਤ ਵਿਚ ਆ ਚੁੱਕੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੁੜ ਵਸੇਬੇ ਲਈ ਪੂਰਾ ਸਹਿਯੋਗ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ, ਮੁੜ ਵਸੇਬਾ ਕੇਂਦਰ ਅਤੇ ਟ ਕਲੀਨਿਕਾਂ 'ਤੇ ਸਾਰੇ ਲੋੜੀਂਦੇ ਪ੍ਰਬੰਧ ਅਤੇ ਸਹੂਲਤਾਂ ਉਪਲਬਧ ਹਨ। ਆਸ਼ਿਕਾ




ਜੈਨ ਨੇ ਕਿਹਾ ਕਿ ਮਾਹਿਰ ਡਾਕਟਰਾਂ, ਕਾਊਂਸਲਰਾਂ ਅਤੇ ਲਗਾਤਾਰ ਦਵਾਈਆਂ ਦੀ ਮਦਦ ਨਾਲ ਨਸ਼ਾ ਪ੍ਰਭਾਵਿਤ ਵਿਅਕਤੀ ਨਸ਼ਾ ਛੱਡ ਕੇ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਨ ਅਤੇ ਮੁੜ ਵਸੇਬਾ ਕੇਂਦਰ ਵਿੱਚ ਨਸ਼ਿਆਂ ਦੇ ਜੰਜਾਲ ਵਿੱਚ ਫਸੇ ਲੋਕਾਂ ਦੇ ਸਵੈ-ਰੋਜ਼ਗਾਰ ਸਥਾਪਤੀ ਲਈ ਕਈ ਉਸਾਰੂ ਸਰਗਰਮੀਆਂ ਦਾ ਪ੍ਰਬੰਧ ਹੈ। ਸਬੰਧਤ ਵਿਭਾਗਾਂ ਵਿੱਚ ਆਪਸੀ ਤਾਲਮੇਲ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ‘ਯੁੱਧ ਨਸ਼ਿਆਂ ਵਿਰੁੱਧ’ ਦਾ ਉਦੇਸ਼ ਇਸ ਸਮਾਜਿਕ ਬੁਰਾਈ ਤੋਂ ਛੁਟਕਾਰਾ ਪਾਉਣਾ ਹੈ, ਜਿਸ ਵਿੱਚ ਸਿੱਖਿਆ ਅਤੇ ਜਾਗਰੂਕਤਾ ਗਤੀਵਿਧੀਆਂ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗਾਂ ਦੀਆਂ ਟੀਮਾਂ ਨੂੰ ਸਾਰੇ ਭਾਈਵਾਲ਼ਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ, ਖਾਸ ਕਰ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਜਾਗਰੂਕਤਾ ਗਤੀਵਿਧੀਆਂ ਕਰਵਾਉਣੀ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਿਆ ਜਾ ਸਕੇ। ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਪੁਲਿਸ ਅਧਿਕਾਰੀਆਂ ਨੂੰ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਸਖ਼ਤ ਕਰਵਾਈ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਪੁਲਿਸ ਅਤੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਐਸੀ ਲਾਲ ਤੁਝ ਬਿਨੁ ਕਾਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥



ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648 ਵਾਂ ਆਗਮਨ ਪੁਰਬ ਅਤੇ 25ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ 2025 ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।



ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਵਿਨੋਦ ਕੁਮਾਰ, ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੀਫੋਰਨੀਆ)

# ਗੁਰੂ ਰਵਿਦਾਸ ਜੀ ਦਾ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕ੍ਰਾਂਤੀਕਾਰੀ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ



ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ਼ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਭਰਵਾਂ ਸਾਹਿਤਕ ਇਕੱਠ ਕੀਤਾ ਗਿਆ। ਚੌਥਾ" ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ" ਸੁਰਿੰਦਰਪ੍ਰੀਤ ਘਣੀਆਂ ਨੂੰ ਪ੍ਰਦਾਨ ਕੀਤਾ। ਇਸ ਮੌਕੇ ਲਖਵਿੰਦਰ ਜੌਹਲ, ਕੁਲਦੀਪ ਸਿੰਘ ਬੇਦੀ ਅਤੇ ਪ੍ਰੋ. ਸੰਧੂ ਵਰਿਆਣਵੀ ਨੇ ਜਿੱਥੇ ਰਾਜਿੰਦਰ ਪਰਦੇਸੀ ਨਾਲ਼ ਆ-ਪਣੀਆਂ ਯਾਦਾਂ ਦਾ ਜਿਕਰ ਕੀਤਾ ਉਥੇ ਹੀ ਉਹਨਾਂ ਦੀ ਸ਼ਾਇਰੀ ਦੇ ਅਹਿਮ ਪਹਿਲੂਆਂ ਤੇ ਚਾਨਣਾ ਪਾਉਂਦਿਆਂ ਉਹਨਾਂ ਦੁਆਰਾ ਬਣਾਏ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਨੂੰ ਲਗਾਤਾਰ ਗਤੀਸ਼ੀਲ ਰੱਖਣ ਲਈ ਜਗਦੀਸ਼ ਰਾਣਾ ਅਤੇ ਡਾ. ਕੰਵਲ ਭੱਲਾ ਦੀ ਵੀ ਤਾਰੀਫ਼ ਕੀਤੀ। ਲੈਕ. ਬਲਬੀਰ ਕੌਰ ਰਾਏਕੋਟੀ ਨੇ ਉਸਤਾਦ ਰਾਜਿੰਦਰ ਪਰਦੇਸੀ ਬਾਰੇ ਬੜਾ ਅਰਥ ਭਰਪੂਰ ਪਰਚਾ ਪੜ੍ਹਿਆ। ਹਰਜਿੰਦਰ ਸਿੰਘ ਅਟਵਾਲ ਹੋਰਾਂ ਨੇ ਸੁਰਿੰਦਰਪ੍ਰੀਤ ਘਣੀਆਂ ਬਾਰੇ ਕਿਹਾ ਕਿ ਮੰਚ ਦੀ ਸਨਮਾਨ ਵਾਸਤੇ ਚੋਣ ਬਿਲਕੁਲ ਢੁੱਕਵੀਂ ਹੈ ਕਿਉਂਕਿ ਰਾਜਿੰਦਰ ਪਰਦੇਸੀ ਵਾਂਗ ਸੁਰਿੰਦਰਪ੍ਰੀਤ ਘਣੀਆਂ ਵੀ ਨਾਬਰੀ ਦਾ ਸ਼ਾਇਰ ਹੈ।



ਡਾ.ਕੰਵਲ ਭੱਲਾ, ਜਗਦੀਸ਼ ਰਾਣਾ ਨੇ ਕਿਹਾ ਕਿ ਰਾਜਿੰਦਰ ਪਰਦੇਸੀ ਦੀ ਸੰਗਤ ਵਿਚ ਰਹਿੰਦਿਆਂ ਬੜਾ ਕੁਝ ਸਿੱਖਣ ਨੂੰ ਮਿਲ਼ਿਆ। ਸੁਰਿੰਦਰਪ੍ਰੀਤ ਘਣੀਆਂ ਨੇ ਐਵਾਰਡ ਪ੍ਰਾਪਤ ਕਰਦਿਆਂ ਕਿਹਾ ਕਿ ਸਰਕਾਰੀ ਸਨਮਾਨਾਂ ਤੋਂ ਕਿਤੇ ਉੱਪਰ ਮੰਨਦੇ ਹਨ ਅਜਿਹੇ ਸਨਮਾਨ ਨੂੰ। ਉਹਨਾਂ ਰਾਜਿੰਦਰ ਪਰਦੇਸੀ ਨਾਲ਼ ਆਪਣੀਆਂ ਮਿਲਣੀਆਂ ਦਾ ਜਿਕਰ ਵੀ ਕੀਤਾ ਅਤੇ ਆਪਣੀਆਂ ਅਰਥ ਭਰਪੂਰ ਗ਼ਜ਼ਲਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ। ਇਸ ਮੌਕੇ ਮੰਚ ਵਲੋਂ ਉਮਦਾ ਗ਼ਜ਼ਲ ਕਹਿਣ ਵਾਲ਼ੀ ਗ਼ਜ਼ਲਕਾਰਾ ਜਗਜੀਤ ਕੌਰ ਢਿੱਲਵਾਂ ਦਾ ਗ਼ਜ਼ਲ ਸੰਗ੍ਰਹਿ" ਵੰਝਲੀ ਦੀ ਤਾਨ" ਅਤੇ ਸੁਖਦੇਵ ਸਿੰਘ ਗੰਢਵਾਂ ਦਾ ਕਾਵਿ ਸੰਗ੍ਰਹਿ "ਧਰਤੀ ਪੰਜਾਬ ਦੀਏ" ਵੀ ਲੋਕ ਅਰਪਣ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿਚ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਦਰਸ਼ਨ ਬੋਪਾਰਾਏ, ਹਰਬੰਸ ਸਿੰਘ ਅਕਸ, ਜਗਜੀਤ ਕੌਰ ਢਿੱਲਵਾਂ, ਗੁਰਦੀਪ ਸਿੰਘ ਸੈਣੀ, ਅਮਰਜੀਤ ਸਿੰਘ ਜੀਤ, ਰਣਜੀਤ ਸਰਾਂਵਾਲੀ, ਸਵਿੰਦਰ ਸੰਧੂ, ਆਸ਼ੀ ਈਸਪੁਰੀ, ਜਸਪਾਲ ਜ਼ੀਰਵੀ, ਮਨੋਜ ਫਗਵਾੜਵੀ, ਸੁਖਦੇਵ ਗੰਢਵਾਂ, ਮਿੱਤਰ ਮਨਜੀਤ, ਮਾਧਵੀ ਅੱਗਰਵਾਲ, ਕੀਮਤੀ ਕੈਸਰ, ਵਿਜੈ ਫ਼ਿਰਾਕ, ਵੰਦਨਾ ਮਹਿਤਾ, ਪ੍ਰਦੀਪ ਥਿੰਦ, ਤਰਨਜੀਤ ਗੋਗੋਂ, ਦਲਜੀਤ ਮਹਿਮੀ,ਲਾਲੀ ਕਰਤਾਰਪੁਰੀ, ਸੁਰਜੀਤ ਸਾਜਨ, ਸਾਹਿਬਾ ਜੀਟਨ ਕੌਰ,ਹਰਜਿੰਦਰ ਸਿੰਘ ਜਿੰਦੀ, ਕੁਲਵਿੰਦਰ ਗਾਖਲ, ਦੀਪਿਕਾ ਅਰੋੜਾ, ਸੁਰਿੰਦਰ ਸਾਗਰ, ਜਰਨੈਲ ਸਾਖੀ, ਅਮਰਜੀਤ ਪੇਂਟਰ, ਸੀਰਤ ਸਿਖਿਆਰਥੀ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਪ੍ਰਭਾਵਸ਼ੀਲ ਰਚਨਾਵਾਂ ਸਾਂਝੀਆਂ ਕੀਤੀਆਂ। ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਰਾਜਿੰਦਰ ਪਰਦੇਸੀ ਦੀ ਇਕ ਗ਼ਜ਼ਲ ਗਾਈ। ਇਸ ਮੌਕੇ ਬਿੱਟੂ ਮਹਿਤਪੁਰੀ, ਕੁਲਭੂਸ਼ਨ, ਵਿਸ਼ਵਮਿੱਤਰ, ਸੁਖਵਿੰਦਰ ਸਿੰਘ ਢਿੱਲਵਾਂ, ਕਰਨਲ ਜਗਬੀਰ ਸਿੰਘ ਸੰਧੂ,ਅਸ਼ੋਕ ਟਾਂਡੀ, ਰੋਹਿਤ ਸਿੱਧੂ ਅਲੱਗ, ਤਰਸੇਮ ਜਲੰਧਰੀ, ਸੰਦੀਪ ਕੌਰ ਚੀਮਾ, ਅਮਰ ਸਿੰਘ ਅਮਰ, ਰੀਤੂ ਕਲਸੀ, ਗੀਤਾ ਵਰਮਾ ਤੇ ਹੋਰ ਵੀ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ। ਜਗਦੀਸ਼ ਰਾਣਾ ਤੇ ਕੰਵਲ ਦੀ ਖੁਸ਼ਬੂ ਡਾਕਟਰ ਕੰਵਲ ਭੱਲਾ ਨੇ ਲਿਖ ਕੇ ਲੈ ਲਓ ਇੱਕ ਅਜਿਹਾ ਸਮਾਗਮ ਕਰ ਦਿਖਾਇਆ ਕਿ ਕਹਿਣਾ ਪਿਆ ਬੇਹਤਰੀਨ, ਬਹੁਤ ਅੱਛੇ, ਅੱਤੀ ਉੱਤਮ। **ਰਿਪੋਰਟ– ਅੰਮ੍ਰਿਤ ਪਵਾਰ**

# ਲੋਕ ਨੁਮਾਇੰਦੇ-ਸੱਤਾ ਅਤੇ ਵਿਰੋਧੀ ਧਿਰਾਂ



ਗੁਰਮੀਤ ਪਲਾਹੀ
91-98158-02070

ਭਾਰਤ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਉੱਠ ਰਹੇ ਹਨ। ਸਵਾਲ ਉੱਠ ਰਹੇ ਹਨ ਕਿ ਉਹ ਲੋਕਾਂ ਤੋਂ ਵੋਟਾਂ ਲੈਕੇ ਪੰਜ ਸਾਲਾਂ ਲਈ ਆਪਣੀ ਗੱਦੀ ਪੱਕੀ ਕਰਕੇ ਲੋਕਾਂ ਲਈ ਜਵਾਬ ਦੇਹ ਨਹੀਂ ਰਹਿ ਜਾਂਦੇ? ਸਵਾਲ ਇਹ ਵੀ ਉੱਠ ਰਹੇ ਹਨ ਕਿ ਆਖ਼ਰ ਜਨਤਾ ਦਾ ਕਸੂਰ ਕੀ ਹੈ ਜਿਹਨਾਂ ਨੇ ਆਪਣੀਆਂ ਉਮੀਦਾਂ ਦੇ ਸੁਪਨੇ ਸੰਜੋਅ ਕੇ ਉਹਨਾਂ ਨੂੰ ਸੰਸਦ ਜਾਂ ਵਿਧਾਨ ਸਭਾ 'ਚ ਪਹੁੰਚਾਇਆ ਅਤੇ ਉਹ ਲੋਕਾਂ ਦੇ ਪੱਲੇ ਕੁੱਝ ਪਾ ਹੀ ਨਹੀਂ ਰਹੇ। ਕੀ ਜਨਤਾ ਦੇ ਇਹ ਨੁਮਾਇੰਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਕਾਗਜ਼ ਫਾੜਨ, ਕੁਰਸੀਆਂ ਉਲਟੀਆਂ ਕਰਨ, ਇਕ-ਦੂਜੇ ਉਤੇ ਚਿੱਕੜ ਸੁੱਟਣ, ਗਾਲੀ-ਗਲੋਚ ਕਰਨ ਅਤੇ ਆਪਣੀਆਂ ਕਿੜਾਂ ਕੱਢਣ ਲਈ ਹੀ ਇਹਨਾਂ ਸਦਨਾਂ 'ਚ ਪੁੱਜੇ ਹਨ।

ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਸਦਨਾਂ ਦੀ ਕਾਰਵਾਈ ਚਲਦੀ ਹੈ, ਜਨਤਾ ਇਸ ਕਾਰਵਾਈ ਨੂੰ 'ਲਾਈਵ' ਵੇਖਦੀ ਹੈ। ਨਿਰਾਸ਼ਾ ਪੱਲੇ ਪੈਂਦੀ ਹੈ ਜਨਤਾ ਦੇ ਉਦੋਂ, ਜਦੋਂ ਉਹਨਾ ਦੀ ਕੋਈ ਵੀ ਸਮੱਸਿਆ ਇਹਨਾਂ ਸਦਨਾਂ ਵਿੱਚ ਵਿਚਾਰੀ ਨਹੀਂ ਜਾਂਦੀ। ਸੱਤਾ ਪੱਖ ਆਪਣੀ ਮਰਜ਼ੀ ਦੇ ਬਿੱਲ ਲਿਆਉਂਦੀ ਹੈ। ਵਿਰੋਧੀ ਧਿਰ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰਦੀ ਹੈ।ਵਿਚਾਰ ਵਟਾਂਦਰਾਂ ਤਾਂ ਕੀ ਸੁਨਣਾ ਹੈ, ਉਹਨਾ ਦੇ ਬੋਲ ਸਦਨ 'ਚ ਸੁਨਣ ਹੀ ਨਹੀਂ ਦਿੱਤੇ ਜਾਂਦੇ। ਵਿਚਾਰ-ਵਟਾਂਦਰੇ ਦੀ ਥਾਂ ਵਿਰੋਧੀ ਧਿਰਾਂ ਨੂੰ ਸਦਨ ਵਿਚੋਂ ਬਾਹਰ ਤੋਰ ਦੇਣਾ, ਇਕੋ ਇਕ ਉਪਾਅ ਰਹਿ ਗਿਆ ਹੈ ਤਾਂ ਕਿ ਸੱਤਾ ਧਿਰ ਵਲੋਂ ਆਪਣੀ ਮਰਜ਼ੀ ਕੀਤੀ ਜਾ ਸਕੇ।



ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਰਾਜਸਥਾਨ ਵਿਧਾਨ ਸਭਾ 'ਚ ਇੰਦਰਾ ਗਾਂਧੀ ਨੂੰ ਦਾਦੀ ਕਹਿ ਦੇਣ ਦਾ ਵਿਰੋਧ ਹੋਇਆ, ਹੰਗਾਮਾ ਹੋਇਆ, ਛੇ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਅਸਲ ਵਿੱਚ ਜ਼ਿੰਮੇਦਾਰ ਅਹੁਦਿਆਂ 'ਤੇ ਬੈਠੇ ਲੋਕ ਵਿਰੋਧੀ ਧਿਰ ਨੂੰ ਟਿੱਚ ਸਮਝਦੇ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਸੱਤਾ ਪੱਖ ਸਮੇਤ ਮੁੱਖ ਮੰਤਰੀ ਵਾਧੂ ਜਿਹੀਆਂ ਗੱਲਾਂ 'ਤੇ ਉਲਝਦੇ ਵੇਖੇ ਗਏ। ਮਹਿਣੋ-ਮਹਿਣੀ ਹੋਣਾ ਤਾਂ ਆਮ ਜਿਹੀ ਗੱਲ ਹੈ।

ਵਿਰੋਧੀਆਂ ਨੂੰ ਨੀਵਾਂ ਦਿਖਾਉਣਾ ਅਤੇ ਹਰ ਹੀਲੇ ਉਹਨਾਂ ਨੂੰ ਖੂੰਜੇ ਲਾਉਣ ਦੀ ਪਰਵਿਰਤੀ ਮੌਜੂਦਾ ਲੋਕਤੰਤਰ ਵਿੱਚ ਧੁਰ ਹੇਠਲੀਆਂ ਸਥਾਨਕ ਸਰਕਾਰਾਂ, ਪੰਚਾਇਤੀ ਸੰਸਥਾਵਾਂ ਤੋਂ ਆਰੰਭ ਹੁੰਦੀ ਹੈ। ਪਿੰਡ ਪੰਚਾਇਤਾਂ 'ਚ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ, ਪਰ ਜਿਹਨਾਂ ਹੱਥ ਸੱਤਾ ਆ ਜਾਂਦੀ ਹੈ, ਉਹ ਵਿਰੋਧੀ ਪੰਚਾਂ ਦੀ ਬਾਤ ਹੀ ਨਹੀਂ ਪੁੱਛਦੇ, ਉਹਨਾਂ ਦੀ ਕੋਈ ਰਾਏ ਨਹੀਂ ਲੈਂਦੇ। ਮਰਜ਼ੀ ਨਾਲ, ਲੁਕ-ਛਿਪਕੇ ਕਾਗਜ਼ੀਂ ਪੱਤਰੀਂ ਮੀਟਿੰਗਾਂ ਕਰਦੇ ਹਨ, ਕੰਮ ਚਲਾਈ ਰੱਖਦੇ ਹਨ, ਸਰਕਾਰੀ ਤੰਤਰ ਉਹਨਾਂ ਦੀ ਮਦਦ ਕਰਦਾ ਹੈ। ਇਹੋ ਪਰਵਿਰਤੀ ਵਿਧਾਨ ਸਭਾ ਚੁਣੇ ਜਾਣ ਉਪਰੰਤ ਸੱਤਾ ਧਿਰ ਦੀ ਬਣ ਜਾਂਦੀ ਹੈ।

ਪਹਿਲਾਂ ਤਾਂ ਵਾਹ ਲਗਦਿਆਂ ਵਿਧਾਨ ਸਭਾ ਦੀਆਂ ਮੀਟਿੰਗਾਂ ਹੀ ਨਹੀਂ ਹੁੰਦੀਆਂ। ਜੇਕਰ ਹੁੰਦੀਆਂ ਹਨ ਤਾਂ ਸਮਾਂ ਬਿਲਕੁਲ ਸੀਮਤ ਹੁੰਦਾ ਹੈ। ਸਰਕਾਰੀ ਬਿੱਲ, ਕਾਨੂੰਨ ਬਨਾਉਣ ਲਈ ਵਿਰੋਧੀ ਧਿਰ ਨੂੰ ਸਦਨੋਂ ਬਾਹਰ ਕਰਨ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ ਅਤੇ ਫਿਰ ਬਿੱਲ, ਆਪਣੀ ਹੀ ਬਹੁਸੰਮਤੀ ਨਾਲ ਪਾਸ ਕਰ ਲਏ ਜਾਂਦੇ ਹਨ। ਹਕੂਮਤ ਚਲਾਈ ਜਾਂਦੀ ਹੈ। ਲੋਕ-ਮਸਲੇ ਲੁਪਤ ਰਹਿੰਦੇ ਹਨ। ਵਿਧਾਨ ਸਭਾਵਾਂ, ਲੋਕ ਸਭਾ 'ਚ ਇਹ ਮੁੱਦੇ, ਮਸਲੇ ਉਠਾਉਣ ਲਈ ਮੌਕੇ ਹੀ ਨਹੀਂ ਮਿਲਦੇ।

ਉਂਜ ਵੀ ਲੋਕਾਂ ਦੇ ਮਸਲੇ ਉਠਾਉਣ ਵਾਲੇ ਨੇਤਾਵਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੋਕ ਸਭਾ, ਵਿਧਾਨ ਸਭਾਵਾਂ 'ਚ ਪਹੁੰਚਣ ਵਾਲੇ ਬਹੁਤੇ ਲੋਕ ਧਨਵਾਨ ਲੋਕ ਹਨ, ਜਿਹੜੇ ਆਮ ਲੋਕਾਂ ਦੀਆਂ ਧੁਰ ਅੰਦਰਲੀਆਂ ਸਮੱਸਿਆਵਾਂ ਤੋਂ ਜਾਣੂ ਹੀ ਨਹੀਂ ਹਨ। ਇਸਦੇ ਨਾਲ-ਨਾਲ ਅਪਰਾਧਿਕ ਪਿਛੋਕੜ ਵਾਲੇ ਲੋਕ ਵੀ ਵੱਡੀ ਗਿਣਤੀ 'ਚ ਇਹਨਾਂ ਲੋਕਤੰਤਰੀ ਸੰਵਿਧਾਨਿਕ ਸਦਨਾਂ 'ਚ ਜਾ ਬੈਠੇ ਹਨ। ਭਲਾ ਇਹੋ ਜਿਹੇ ਲੋਕਾਂ ਤੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨੀ-ਸੁਣਨੀ ਕੀ ਸੰਭਵ ਹੈ?

ਏ.ਡੀ.ਆਰ. ਰਿਪੋਰਟ ਅਨੁਸਾਰ 514 ਮੌਜੂਦਾ ਮੈਂਬਰ ਪਾਰਲੀਮੈਂਟ ਵਿੱਚੋਂ 225 (44 ਫੀਸਦੀ) ਪਾਰਲੀਮੈਂਟ ਮੈਂਬਰਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਜਿਹਨਾਂ ਵਿੱਚ ਬਲਾਤਕਾਰ, ਕਤਲ ਤੱਕ ਦੇ ਮਾਮਲੇ ਹਨ ਅਤੇ 5 ਫੀਸਦੀ ਐਮ ਪੀ 100 ਕਰੋੜ ਤੋਂ ਵੱਧ ਦੌਲਤ ਦੇ ਮਾਲਕ ਹਨ। ਉੱਤਰਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਦੇ ਅੱਧੇ ਤੋਂ ਵੱਧ (50 ਫੀਸਦੀ ਤੋਂ ਵੱਧ) ਵੱਖੋਂ ਵੱਖਰੀਆਂ ਪਾਰਟੀਆਂ ਦੇ ਨੇਤਾ ਇਹੋ ਜਿਹੇ ਹਨ, ਜਿਹਨਾ ਉਤੇ ਅਪਰਾਧਿਕ ਮਾਮਲਿਆਂ ਸਬੰਧੀ ਕੇਸ ਥਾਣਿਆਂ ਅਤੇ ਅਦਾਲਤਾਂ 'ਚ ਹਨ।

28 ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸਾਸ਼ਤ ਪ੍ਰਦੇਸ਼ਾਂ ਦੇ 4001 (ਕੁੱਲ 4033) ਦੇ ਕੀਤੇ ਏ.ਡੀ.ਆਰ. ਸਰਵੇ ਅਨੁਸਾਰ 44 ਫੀਸਦੀ ਵਿਧਾਇਕਾਂ 'ਤੇ ਆਪਰਾਧਿਕ ਪਰਚੇ ਦਰਜ਼ ਮਿਲੇ ਅਤੇ ਉਹਨਾਂ ਵਿੱਚੋਂ 1136 (28% ਉਤੇ) ਗੰਭੀਰ ਅਪਰਾਧਿਕ ਮਾਮਲੇ ਹਨ। ਇਹਨਾਂ 4001 ਵਿਧਾਇਕਾਂ ਵਿਚੋਂ 88 (2%) ਕੋਲ ਪ੍ਰਤੀ ਵਿਧਾਇਕ 100 ਕਰੋੜ ਤੋਂ ਵੱਧ ਧਨ ਹੈ। ਫਰਵਰੀ 2025 'ਚ ਦਿੱਲੀ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ 31 ਵਿਧਾਇਕਾਂ 'ਤੇ ਆਪਰਾਧਿਕ ਮਾਮਲੇ ਅਤੇ ਭਾਜਪਾ ਦੀ ਚੁਣੀ ਸਰਕਾਰ ਦੇ 7 ਮੰਤਰੀਆਂ ਵਿੱਚੋ 5 ਮੰਤਰੀਆਂ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ।

ਲੋਕ ਸਭਾ, ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਦਿੱਤੇ ਟੈਕਸ ਵਿੱਚੋਂ ਲੱਖਾਂ ਰੁਪਏ ਪ੍ਰਤੀ ਸਾਲ ਤਨਖਾਹ, ਭੱਤੇ ਅਤੇ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਲੋਕ ਸਭਾ, ਵਿਧਾਨ ਸਭਾਵਾਂ ਦੇ ਸੈਸ਼ਨ 'ਤੇ ਜਾਣ ਲਈ ਭੱਤੇ ਅਤੇ ਹੋਰ ਸਹੂਲਤਾਂ ਦੇ ਵੀ ਉਹ ਹੱਕਦਾਰ ਹਨ। ਹੈਰਾਨੀ ਹੁੰਦੀ ਹੈ, ਉਸ ਵੇਲੇ ਜਦੋਂ ਕਈ ਨੁਮਾਇੰਦਿਆਂ ਨੂੰ ਸਦਨਾਂ ਦੇ ਸੈਸ਼ਨ ਦੌਰਾਨ ਸੁੱਤਿਆਂ ਵੇਖੀਦਾ ਹੈ।

# 'ਪੰਜਾਬੀ ਭਾਸ਼ਾ' ਪ੍ਰਤੀ ਕੀਤੇ ਮਾਰੂ ਫੈਸਲੇ ਵਿਰੁੱਧ ਪੰਜਾਬ ਸਰਕਾਰ ਵਲੋਂ ਕੀਤੀ ਕਾਰਵਾਈ ਦੀ ਪ੍ਰਸੰਸਾ



ਜੰਗ ਸਿੰਘ ਮਰਸੱਡ (ਅਮਰੀਕਾ)
+ 1 415 603 7380

ਆਮ ਆਦਮੀ ਪਾਰਟੀ ਦੇ ਪਹਿਲੇ ਮੁੱਖ ਧੁੱਰੇ 'ਦਿੱਲੀ' ਜਿਥੇ ਉਹ ਪਿਛਲੇ ਲਗ ਭਗ ਡੇਢ ਦਹਾਕੇ ਤੋਂ ਰਾਜ ਕਰਦੀ ਆ ਰਹੀ ਸੀ ਹਾਲ ਹੀ ਵਿਧਾਨ ਸਭਾ ਦੀਆਂ 2025 ਵਿੱਚ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਸਮੇਤ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਦੀ ਹੋਈ ਵੱਡੀ ਹਾਰ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਜਿਹੜੀ ਕਹਿਣ ਨੂੰ ਤਾਂ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਕਹੀ ਜਾਂਦੀਹੈ ਜਿਸ ਨੂੰ ਪੰਜਾਬ ਦੇ ਲੋਕ ਮੂੰਹੋਂ ਮੂੰਹੀਂ ਇਹ ਆਖ ਰਹੇ ਹਨ ਕਿ ਇਸ ਸਰਕਾਰ ਦੀ ਵਾਗਡੋਰ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਦੇ ਹੱਥ ਵਿੱਚ ਹੈ ਨੂੰ ਕਾਫੀ ਹੱਦ ਤਕ ਡਰਾ ਦਿੱਤਾ ਹੈ ਕਿ ਜੇਕਰ ਉਨਾਂ ਨੇ ਆਪਣੇ ਕੰਮ ਕਾਜ ਤੇ ਨੀਤੀਆਂ ਨੂੰ ਨਾ ਸੁਧਾਰਿਆ, 2022 ਦੀਆਂ ਚੋਣਾਂ ਦੌਰਾਨ ਜਿਹੜੇ ਵਾਅਦੇ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਸਨ ਉਨਾਂ ਨੂੰ ਸਿਰੇ ਨਾ ਚੜਾਇਆ ਤਾਂ ਉਨਾਂ ਦਾ ਹਸ਼ਰ ਵੀ ਪੰਜਾਬ ਦੇ ਜਝਾਰੂ ਲੋਕ 2027 ਵਿੱਚ ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਹਨਾਂ ਦਾ ਕਰ ਦੇਣਗੇ, ਜੋ ਦਿੱਲੀ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਉਸ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਦਾ ਕੀਤਾ ਹੈ। ਇਸ ਡਰ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਇਕ ਤਰਾਂ ਨਾਲਨੀਂਦ ਉਡਾ ਕੇ ਰੱਖ ਦਿੱਤੀ ਹੈ। ਜਿਸ ਦਾ ਅਸਰ ਇਹ ਹੋਇਆ ਹੈ ਕਿ ਉਨਾਂ ਨੇ ਲੋਕਾਂ ਨਾਲ ਕੀਤੇ ਵਾਅਦਿਆਂ ਦੇ ਅਧਾਰ ਤੇ ਤੇਜੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਉਂ ਹੀ ਕੇਂਦਰ ਦੇ ਸਿਖਿਆ ਬੋਰਡ ਨੇ "ਪੰਜਾਬੀ ਭਾਸ਼ਾ" ਦਾ ਨਾਂ 'ਪੰਜਾਬੀ 'ਪੜਾਉਣ 'ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਸਰਕਾਰ ਨੇ ਤੁਰੰਤ ਕਾਰਵਾਈ ਕਰਦਿਆਂ ਸਿਰਫ ਇੰਨਾ ਹੀ ਨਹੀਂ ਕੀਤਾ ਕਿ ਉਸ ਦਾ ਵਿਰੋਧ ਹੀ ਕੀਤਾ ਹੈ ਬਲਕਿ ਇਹ ਹੁਕਮ ਵੀ ਜਾਰੀ ਕਰ ਦਿੱਤੇ ਹਨ ਕਿ ਪੰਜਾਬ ਵਿੱਚ ਵਿਦਿਆ ਪ੍ਰਦਾਨ ਕਰ ਰਹੇ ਸਾਰੇ ਕੇਂਦਰੀ ਬੋਰਡ ਦੇ ਸਕੂਲਾਂ ਨੂੰ ਪੰਜਾਬੀ ਮੁੱਖ ਵਿਸ਼ੇ ਦੇ ਤੌਰ 'ਤੇ ਲਾਜਮੀ ਪੜਾਉਣਾ ਪਵੇਗਾ, ਉਲੰਘਣਾ ਕਰਨ ਵਾਲੇ ਸਾਰੇ ਕੇਂਦਰੀ ਸਕੂਲਾਂ ਦੀ ਮਾਨਤਾ ਤੁਰੰਤ ਰੱਦ ਕਰ ਦਿੱਤੀ ਜਾਵੇਗੀ। ਪੰਜਾਬ ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਉਹ ਇਹ ਹੁਕਮ ਵੀ ਜਾਰੀ ਕਰਨ ਕਿ ਪੰਜਾਬ ਦੇ ਸਾਰੇ ਕੇਂਦਰੀ ਸਕੂਲ ਆਪਣੇ ਵਿਦਿਆਰਥੀਆਂ ਨੂੰ ਬਾਕੀ ਵਿਸ਼ੇ ਵੀ ਪਹਿਲੀ ਭਾਸ਼ਾ 'ਪੰਜਾਬੀ' ਵਿੱਚ ਪੜਾਉਣ ਕਿਉਂਕਿ 'ਪੰਜਾਬ ਸੂਬੇ' ਦੀ ਮਾਂ ਬੋਲੀ "ਪੰਜਾਬੀ" ਹੈ। ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਦੇਸ਼ ਵਿੱਚ ਬਣਨਵਾਲੀਆ ਸਾਰੀਆਂ ਸਰਕਾਰਾਂ ਚਾਹੇ ਕਾਂਗਰਸ ਪਾਰਟੀ ਦੀਆਂ ਸਨ ਜਾਂ ਫਿਰ ਹੋਰ ਪਾਰਟੀਆਂ ਦੀਆਂ! ਸਭ ਸਰਕਾਰਾਂ ਨੇ ਆਪਣਾ ਰਵਈਆਪੰਜਾਬ ਤੇ ਪੰਜਾਬੀ ਵਿਰੋਧੀ ਹੀ ਰੱਖਿਆ ਹੈ। ਰਹਿੰਦੀ ਖੂੰਹਦੀ ਕਸਰ ਇਸ ਵੇਲੇ ਕੇਂਦਰ ਵਿੱਚ ਰਾਜ ਕਰ ਰਹੀ ਭਾਜਪਾ ਨੇ ਪੂਰੀ ਕਰ ਦਿੱਤੀ ਹੈ ਇਸ ਦੇ ਸਿਰ ਤੇ ਦੇਸ਼ ਨੂੰ "ਹਿੰਦੂ ਰਾਸ਼ਟਰ ਬਣਾਉਣ ਦਾ ਜਿਥੇ ਭੂਤ ਸਵਾਰ ਹੈ ਉਥੇ ਉਹ ਜਿਥੇ ਵੀ ਉਸ ਦਾ ਜੋਰ ਚਲਦਾ ਹੈ ਸੂਬਿਆਂ ਦੀਆਂ ਭਾਸ਼ਾਵਾਂ ਨੂੰ ਖਤਮ ਕਰਕੇ ਸਾਰੇ ਸੂਬਿਆਂ ਉਤੇ 'ਹਿੰਦੀ' ਭਾਸ਼ਾ ਨੂੰ ਜਬਰੀ ਠੋਸਣਾ ਚਾਹੁੰਦੀ ਹੈ। ਜਿਸ ਨੂੰ ਪੰਜਾਬ, ਜੰਮੂ ਕਸ਼ਮੀਰ ਤੇ ਸਾਰਾ ਦੱਖਣ ਸਵੀਕਾਰ ਕਰਨ ਲਈ ਬਿਲਕੁਲ ਤਿਆਰ ਨਹੀਂ। ਮੈਨੂੰ ਇਸ ਗੱਲ ਨੂੰ ਬਿਆਨ ਕਰਨ ਵਿੱਚ ਰਤੀ ਭਰ ਵੀ ਝਿੱਜਕ ਨਹੀਂ ਹੋ ਰਹੀ ਕਿ ਮਾਂ ਬੋਲੀ 'ਪੰਜਾਬੀ' ਦਾ ਘਾਣ ਕਰਨ ਦੇ ਕਾਫੀ ਹੱਦ ਤਕ ਅਸੀ ਪੰਜਾਬੀ ਆਪ ਹੀ ਜਿੰਮੇਵਾਰ ਹਾਂ ਜਿਹੜੇ ਗੱਲਾਂ ਵੀ ਪੰਜਾਬੀ ਵਿੱਚ ਕਰਦੇ ਸਨ, ਹੱਸਦੇ ਤੇ ਇਥੋਂ ਤਕ 'ਵੈਣ' ਵੀ ਪੰਜਾਬੀ ਵਿੱਚ ਪਾਉਂਦੇ ਰਹੇ ਪਰ ਆਪਣੀ ਮਾਂ ਬੋਲੀ ਨੂੰ ਆਪਣੇ ਧਰਮ ਨਾਲ ਜੋੜ੍ਹ ਕੇ 'ਹਿੰਦੀ 'ਲਿਖਵਾਉਂਦੇ ਰਹੇ। ਇਹਨਾਂ



ਧਾਰਮਿਕ ਤੇ ਕੱਟੜ੍ਹ ਲੋਕਾਂ ਦੀ ਜਹਿਨੀਅਤ ਕਰਕੇ ਪੰਜਾਬ ਵਿੱਚੋਂਹਰਿਆਣਾ, ਹਿਮਾਚਲ ਬਾਹਰ ਕਢਵਾ ਕੇ ਉਸ ਨੂੰ ਛੋਟਾ ਕਰਵਾਇਆ ਤੇ ਪੰਜਾਬ ਵਿੱਚ ਰਹਿੰਦਿਆਂ ਹੋਇਆਂ ਵੀ ਪੰਜਾਬੀ ਭਾਸ਼ਾ ਦਾ ਘਾਣ ਕਰਦੇ ਰਹੇ। ਇਹਨਾਂ ਨੂੰ ਸਮਝ ਉਦੋਂ ਪਈ ਜਾਂ ਫਿਰ ਇਹ ਆਖ ਲਵੋ ਕਿ ਜਦੋਂ ਪੰਜਾਬ ਤੇ ਪੰਜਾਬੀ ਭਾਸ਼ਾ ਦਾ ਵੱਡੇ ਪੱਧਰ ਤੇ ਨੁਕਸਾਨ ਕਰਵਾ ਦਿੱਤਾ ਤੇ ਫਿਰ ਬਾਅਦ ਵਿੱਚ ਸੱਚੇ ਤੇ ਪੰਜਾਬ ਹਿਤੈਸੀ ਬਣਨ ਲਈ ਪੰਜਾਬ ਤੇ ਪੰਜਾਬੀ ਬੋਲੀ ਦੀ ਵਕਾਲਤ ਕਰਨ ਲਗ ਪਏ। ਪੰਜਾਬ ਦੇ ਲੋਕ ਭੁੱਲੇ ਨਹੀਂ ਹਨ ਜਦੋਂ ਪੰਜਾਬੀ ਸੂਬਾ ਬਣਿਆ ਤਾਂ ਸ੍ਰੋਮਣੀ ਅਕਾਲੀ ਦੱਲ ਨੇ ਉਸ ਪਾਰਟੀ 'ਜਨ ਸੰਘ' ਤੇ ਬਾਅਦ ਵਿੱਚ ਜਿਹੜੀ 'ਭਾਰਤੀ ਜਨਤਾ ਪਾਰਟੀ' ਦੇ ਰੂਪ ਵਿੱਚ ਸਾਹਮਣੇ ਆਈ ਨਾਲ ਵਜਾਰਤ ਵਿੱਚ ਭਿਆਲੀ ਪਾਈ ਰੱਖੀ। ਜਿਹੜੀ ਸ਼ੁਰੂ ਤੋਂ ਹੀ ਪੰਜਾਬ ਤੇ ਪੰਜਾਬੀ ਵਿਰੋਧੀ ਰਹੀ ਹੈ। ਅਕਾਲੀ ਦੱਲ ਦੀ ਲੀਡਰਸ਼ਿਪ ਗੱਦੀ ਵਿੱਚ ਇਨੀ ਲੀਨ ਹੋਈ ਰਹੀ ਕਿ ਉਸ ਨੂੰ ਪਤਾ ਹੀ ਨਹੀਂ ਲਗਾ ਕਿ ਉਸ ਦੇ ਆਗੂ ਰਾਜ ਗੱਦੀ ਦੀ ਖੁਸ਼ੀ ਵਿੱਚ ਆਪਣੀ ਮੌਜ ਮਸਤੀ ਕਰਦੇ ਰਹੇ ਤੇ ਭਾਰਤੀ ਜਨਤਾ ਪਾਰਟੀ ਵਾਲੇ ਪੰਜਾਬ ਤੇ ਪੰਜਾਬੀ ਦਾ ਨੁਕਸਾਨ ਕਰਦੇ ਰਹੇ। ਪੰਜਾਬ ਦੇ ਵਿਦਿਅੱਕ ਸਿਸਟਮ ਵਿੱਚੋਂ ਪੰਜਾਬੀ ਭਾਸ਼ਾ ਨੂੰ ਇਕ ਤਰਾਂ ਨਾਲ ਖੱਤਮ ਕਰਨ ਦੇ ਜਿੰਮੇਵਾਰ ਅਕਾਲੀ ਦੱਲ ਬਾਦਲ ਦੇ ਆਗੂ ਹੀ ਹਨ।ਇਨਾਂ ਦੇ ਰਾਜ ਵਿੱਚ ਭਾਜਪਾ ਦੇ ਆਗੂਆਂ ਨੇ ਬੜੀ ਗਹਿਰੀ ਸਾਜਿਸ਼ ਅਧੀਨ ਪਹਿਲਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚੋਂ ਅਧਿਆਪਕਾਂ ਦੀਆਂ ਭਰਤੀਆਂ ਬੰਦ ਕਰਵਾਈਆਂ ਫਿਰ ਹਿੰਦੂਤਵੀਆਂ ਦੇ ਕੇਂਦਰੀ ਸਕੂਲਾਂ ਨੂੰ ਧੜਾ ਧੜ ਪੰਜਾਬ ਵਿੱਚ ਖੁਲਵਾਇਆ। ਦੂਸਰੀ ਤਰਫ ਸਰਕਾਰੀ ਸਕੂਲਾਂ ਬਾਰੇ ਵਿਦਿਆਰਥੀਆਂ ਦੇ ਮਾਪਿਆਂ ਕੋਲ ਇਹ ਪ੍ਰਚਾਰ ਕਰਕੇ ਵਿਦਿਅਰਥੀਆਂ ਨੂੰ ਕਢਵਾਇਆ ਕਿ ਉਥੇ ਤਾਂ ਅਧਿਆਪਕ ਨਾ ਹੋਣ ਕਰਕੇ ਪੜਾਈ ਨਹੀਂ ਹੋ ਰਹੀ। ਇਸ ਤਰਾਂ ਲੱਖਾਂ ਦੀ ਗਿਣਤੀ ਵਿੱਚ ਵਿਦਿਆਰਥੀ ਜਿਹੜੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮੀਡੀਅਮ ਵਿੱਚ ਇਕ ਤਰਾਂ ਦੀ ਮੁੱਫਤ ਪੜਾਈ ਕਰ ਰਹੇ ਸਨ ਉਨਾਂ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚੋਂ ਕਢਵਾ ਕੇ ਆਪਣੇ ਹਿੰਦੂਤਵੀ ਪ੍ਰਾਈਵੇਟ ਸਕੂਲਾਂ ਜਿਥੇ ਮਹਿੰਗੀਆਂ ਫੀਸਾਂ ਲਈਆਂ ਜਾਂਦੀਆਂ ਸਨ ਉਨਾਂ ਵਿੱਚ ਦਾਖਲ ਕਰਵਾ ਕੇ ਪੰਜਾਬ ਦੇ ਗਰੀਬ ਲੋਕਾਂ ਤੇ ਭਾਰੀ ਆਰਥਕ ਬੋਝ ਪਵਾਉਣ ਦੇ ਨਾਲ ਪੰਜਾਬੀ ਭਾਸ਼ਾ ਦਾ ਘਾਣ ਕਰਵਾ ਕੇ ਹਿੰਦੀ ਪੜਵਾਉਣੀ ਸ਼ੁਰੂ ਕੀਤੀ। ਸਾਡੀ ਬਾਦਲਾਂ ਦੀ ਸਾਰੀ ਅਕਾਲੀ ਲੀਡਰਸ਼ਿਪ ਮੂੰਹ ਚੁੱਕ ਕੇ ਵੇਖਦੀ ਰਹੀ ਉਸ ਨੂੰ ਪਤਾ ਹੀ ਨਹੀਂ ਲਗਾ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ? ਇਹ ਅਕਾਲੀ ਆਗੂ ਆਪਣੇ ਪੈਸੇ ਕਮਾਉਣ ਵੱਲ ਲਗੇ ਰਹੇ। ਇਸ ਬਾਦਲ ਪਾਰਟੀ ਨੇ ਕੋਈ ਇਕ ਪੰਜਾਬ ਵਿਰੋਧੀ ਕੰਮ ਥੋੜਾ ਕੀਤਾ ਬਲਕਿ ਉਸ ਦੀ ਵੱਡੀ ਲੰਮੀ ਚੌੜੀ ਲਿਸਟ ਹੈ। ਇਹਨਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਨੂੰ ਵੇਖਦੇ ਹੋਏ ਸਾਰੇ ਸਿੱਖ ਪੰਥ ਨੇ ਇਸ ਪਾਰਟੀ ਦੇ ਆਗੂਆਂ ਨੂੰ ਦਿਲੋਂ ਵਿਸਾਰ ਦਿੱਤਾ ਹੈ। ਅਕਾਲੀ ਦੱਲ ਬਾਦਲ ਨੂੰ ਪੰਜਾਬੀਆਂ ਨੇ ਪਹਿਲਾਂ 2017 , 2022 ਤੇ ਫਿਰ 2024 ਦੀਆ ਚੋਣਾਂ ਵਿੱਚ ਇਨਾਂ ਦੀ ਕੀ ਹੈਸੀਅਤ ਹੈ ਉਹ ਬੜੀ ਚੰਗੀ ਤਰਾਂ ਦੱਸ ਦਿੱਤੀ ਹੈ! ਕਿੰਨੀ ਹੈਰਾਨੀ ਵਾਲੀ ਗੱਲ ਹੈ ਦੂਜਿਆਂ ਨੂੰ ਸ੍ਰੀ ਅਕਾਲ ਤੱਖਤ ਮਹਾਨ ਹੈ ਦਸਣ ਵਾਲੀ ਤੇ ਉਸ ਦੇ ਹੁਕਮਾਂ ਨੂੰ ਮੰਨਣਾ ਚਾਹੀਦਾ ਦਾ ਪ੍ਰਚਾਰ ਕਰਨ ਵਾਲੀ ਖੁਦ ਇਹ ਪਾਰਟੀ ਆਪ ਹੀ ਉਸ ਦੇ ਹੁਕਮ ਮੰਨਣ ਤੋਂ ਇਨਕਾਰੀ ਹੈ। ਅਕਾਲੀਆਂ ਨਾਲ ਪੰਜਾਬੀਆਂ ਨੇ ਜੋ ਕੀਤਾ ਹੈ ਇਸ ਤੋਂ ਵੀ ਆਮ ਆਦਮੀ ਪਾਰਟੀ ਵਾਲੇ ਭੈਭੀਤ ਹਨ। ਆਮ ਆਦਮੀ ਪਾਰਟੀ ਨੂੰ ਮੁੱਫਤ ਦੀਆਂ ਰਿਉੜੀਆਂ ਵੰਡਣ ਵਾਲੀ ਨੀਤੀ ਨੂੰ ਤਿਆਗਣਾ ਚਾਹੀਦਾ ਹੈ। ਪੰਜਾਬੀਆਂ ਨੂੰ ਨਾ ਤਾਂ ਮੁਫਤ ਬਿਜਲੀ ਦੀ ਲੋੜ੍ਹ ਹੈ ਨਾ ਹੀ ਇਸਤਰੀਆਂ ਨੂੰ ਮੁਫਤ ਬਸ ਸਰਵਿਸ ਦੀ, ਜਾਂ ਫਿਰ 2100 ਰੁਪਏ ਦੀ! ਪੰਜਾਬ ਨੂੰ ਮੁਫਤ ਚੀਜਾਂ ਦੇ ਕੇ ਕਰਜਾਈ ਤਾਂ ਕੀਤਾ ਹੀ ਜਾ ਰਿਹਾ ਹੈ ਨਾਲ ਹੀ ਪੰਜਾਬੀਆਂ ਨੂੰ ਮੰਗਤੇ ਵੀ ਬਣਾਇਆ ਜਾ ਰਿਹਾ ਹੈ। ਪੰਜਾਬੀਆਂ ਦੀ ਚਾਹਣਾ ਹੈ ਕਿ ਉਨਾਂ ਨੂੰ ਰੁਜਗਾਰ ਦੇ ਕੇ ਸਵੈਨਿਰਭਰ ਕੀਤਾ ਜਾਵੇ, ਉਹ ਆਪੇ ਲੋੜ੍ਹ ਮੁਤਾਬਿਕ ਚੀਜਾਂ ਖਰੀਦ ਲੈਣਗੇ। ਦਿੱਲੀ ਦੀ ਕੇਜਰੀਵਾਲ ਫੌਜ ਨਾਲ ਜਿਹੜਾ ਪੰਜਾਬ ਦੀ ਸਰਕਾਰ ਉਤੇ ਵੱਡਾ ਆਰਥਕ ਬੋਝ ਪਾਇਆ ਹੋਇਆ ਹੈ ਇਸ ਸਾਰੀ ਫੌਜ ਨੂੰ ਪੰਜਾਬ ਵਿੱਚੋਂ ਚਲਦਾ ਕੀਤਾ ਜਾਵੇ। ਪੰਜਾਬੀਆਂ ਵਿੱਚ ਏਨੀ ਕੁ ਲਿਆਕਤ ਤੇ ਸਮਰਥਾ ਹੈ ਕਿ ਉਹ ਪੰਜਾਬ ਨੂੰ ਸੁਚੱਜੇ ਢੰਗ ਨਾਲ ਚਲਾਉਣ ਦੇ ਪੂਰੀ ਤਰਾਂ ਯੋਗ ਹਨ। ਪੰਜਾਬ ਦੀ ਸਰਕਾਰ ਨੂੰ ਪੰਜਾਬੀਆਂ ਤੋਂ ਬਿਨਾ ਦੂਸਰੇ ਪ੍ਰਾਂਤਾਂ ਦੇ ਲੋਕਾਂ ਨੂੰ ਰੁਜਗਾਰ ਦੇਣ ਦੀ ਥਾਂ ਤੇ ਪੰਜਾਬ ਦੇ ਨੌਜੁਆਨਾਂ ਨੂੰ ਰੁਜਗਾਰ ਦਿੱਤਾ ਜਾਣਾ ਚਾਹੀਦਾ। ਰੁਜਗਾਰ ਤੇ ਜਮੀਨ ਖਰੀਦਣ ਸਬੰਧੀ ਜਿਵੇਂ ਦੂਜੇ ਸੂਬਿਆਂ ਦੀਆਂ ਸਰਕਾਰਾਂ ਨੇ ਕਾਨੂੰਨ ਬਣਾਏ ਹਨ। ਪੰਜਾਬ ਦੀ ਸਰਕਾਰ ਨੂੰ ਵੀ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ। ਗੈਂਗਸਟਰਾਂ ਨੂੰ ਨੱਥ ਪਾਉਣ ਜਾਂ ਫਿਰ ਨਸ਼ਾ ਤਸਕਰਾਂ ਨਾਲ ਸਿੱਝਣ ਦੀ ਕਾਰਵਾਈ ਇਕ ਚੰਗਾ ਕਦਮ ਹੈ ਨਿਰੇ ਇੰਨੇ ਕੰਮ ਨਾਲ ਪੰਜਾਬ ਦੇ ਵਾਸੀ ਸੰਤੁਸ਼ਟ ਹੋਣ ਵਾਲੇ ਨਹੀਂ ਹਨ। ਉਨਾਂ ਦੇ ਬੁਨਿਆਦੀ ਕੰਮ ਜਿਵੇਂ ਦੂਸਰੇ ਸੂਬਿਆਂ ਦੇ ਵਾਸੀਆਂ ਨੂੰ ਪੰਜਾਬ ਵਿੱਚ ਜਮੀਨਾਂ ਖ੍ਰੀਦਣ, ਅਧਾਰ ਕਾਰਡ, ਰਾਸ਼ਨ ਕਾਰਡ ਬਣਾਉਣ ਤੇ ਮੁਕੰਮਲ ਪਾਬੰਦੀ ਲਗਾਉਣੀ ਚਾਹੀਦੀ ਹੈਤਾਂ ਹੀ ਪੰਜਾਬੀਆਂ ਦੇ ਹਿੱਤ ਸੁਰਖਿਅੱਕ ਹੋ ਸਕਣਗੇ। ਕੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਕੇ ਆਪਣੀਆਂ ਨੀਤੀਆਂ ਨੂੰ ਪੰਜਾਬ ਪੱਖੀ ਬਣਾ ਕੇ ਕੰਮ ਕਰਨ ਦੀ ਪਹਿਲ ਕਦਮੀ ਕਰੇਗੀ? ਤਾਂ ਹੀ ਪਾਰਟੀ ਦਾ ਭਵਿੱਖ ਕੁਝ ਉੱਜਲਾ ਬਣ ਸਕਦਾ ਹੈ, ਨਹੀਂ ਤਾਂ ਫਿਰ ਆਮ ਆਦਮੀ ਪਾਰਟੀ ਵਾਲਿਆ ਨੂੰ ਵੀ ਪੰਜਾਬ ਦੇ ਵਾਸੀ 2027 ਦੀਆ ਵਿਧਾਨ ਸਭਾ ਚੋਣਾਂ ਵਿੱਚ ਬਾਹਰ ਦਾ ਰਸਤਾ ਵਿਖਾ ਦੇਣਗੇ।

# ਭਾਰਤੀ ਮੂਲ ਦੀ ਨਾਰੀ ਅਮਰੀਕਾ ਵਿੱਚ ਸਰਦਾਰੀ : ਤੁਲਸੀ ਗਵਾਰਡ



ਉਜਾਗਰ ਸਿੰਘ
91-94178 13072

ਭਾਰਤ ਵਿੱਚ ਇਸਤਰੀਆਂ ਨੇ ਸਿਆਸਤ ਵਿੱਚ ਨਾਮਣਾ ਖੱਟਿਆ ਹੈ, ਆਜ਼ਾਦੀ ਦੇ ਸੰਗਰਾਮ ਤੋਂ ਸ਼ੁਰੂ ਕਰਕੇ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਦੇਸ਼ ਦੇ ਵਿਕਾਸ ਵਿੱਚ ਵੀ ਇਸਤਰੀਆਂ ਨੇ ਵੱਡਮੁਲਾ ਯੋਗਦਾਨ ਪਾਇਆ ਹੈ। ਦੇਸ਼ ਵਿੱਚ ਨਾਮ ਚਮਕਾਉਣ ਤੋਂ ਬਾਅਦ ਹੁਣ ਭਾਰਤੀ ਮੂਲ ਦੀਆਂ ਇਸਤਰੀਆਂ ਨੇ ਸੰਸਾਰ ਵਿੱਚ ਉਚ ਅਹੁਦਿਆਂ ਤੱਕ ਪਹੁੰਚਕੇ ਭਾਰਤ ਦਾ ਮਾਣ ਵਧਾਇਆ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੀ ਤੁਲਸੀ ਗਵਾਰਡ ਨੂੰ ਅਮਰੀਕਾ ਦੇ ਸਭ ਤੋਂ ਮਹੱਤਵਪੂਰਨ ਅਹੁਦੇ 'ਡਾਇਰੈਕਟਰ ਨੈਸ਼ਨਲ ਇੰਟੈਲੀਜੈਂਸ' 'ਤੇ ਨਿਯੁਕਤ ਕੀਤਾ ਹੈ। ਸੈਨੇਟ ਨੇ ਵੀ ਉਸਦੀ ਨਿਯੁਕਤੀ ਦੀ ਮਨਜ਼ੂਰੀ ਦੇ ਦਿੱਤੀ ਹੈ। ਤੁਲਸੀ ਗਵਾਰਡ ਦੀ ਨਾਮਜ਼ਦਗੀ ਦੀ ਸੈਨਟ ਤੋਂ ਪ੍ਰਵਾਨਗੀ ਲੈਣ ਦੀ ਪ੍ਰਕ੍ਰਿਆ ਬੇਹੱਦ ਔਖੀ ਸੀ, ਕਿਉਂਕਿ ਰਿਪਬਲਿਕਨ ਪਾਰਟੀ ਦੇ ਕੁਝ ਸੈਨੇਟਰ ਵੀ ਉਸਦੀ ਨਿਯੁਕਤੀ 'ਤੇ ਕਿੰਤੂ ਪ੍ਰੰਤੂ ਕਰਦੇ ਸਨ। ਅਮਰੀਕਾ ਦੇ ਸੈਨੇਟਰਾਂ ਨੂੰ ਉਸਨੇ ਬੇਬਾਕੀ ਨਾਲ ਸਵਾਲਾਂ ਦੇ ਜਵਾਬ ਦਿੱਤੇ ਹਨ। ਡੋਨਾਲਡ ਟਰੰਪ ਦੀ ਨਿਗਾਹ ਵਿੱਚ ਉਸਦੀ ਦੀ ਫ਼ੌਜੀ ਵਿਰਾਸਤ ਤੇ ਨਿਡਰ ਜ਼ਜ਼ਬਾ ਬਾਕਮਾਲ ਹੈ, ਜਿਸ ਕਰਕੇ ਉਸਦੀ ਅਜਿਹੇ ਸੰਵੇਦਨਸ਼ੀਲ ਕਾਰਜ਼ ਲਈ ਚੋਣ ਕੀਤੀ ਗਈ ਹੈ। ਤੁਲਸੀ ਗਵਾਰਡ ਨੇ ਸੈਨਟ ਦੀ ਪ੍ਰਵਾਨਗੀ ਤੋਂ ਬਾਅਦ 12 ਫ਼ਰਵਰੀ 2025 ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮਹੱਤਵਪੂਰਨ ਅਹੁਦੇ 'ਤੇ ਰਹਿੰਦਿਆਂ ਉਹ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਮੁੱਖੀ ਦੇ ਤੌਰ 'ਤੇ ਫ਼ਰਜ਼ ਨਿਭਾਉਣਗੇ। ਉਹ 18 ਖ਼ੁਫ਼ੀਆ ਏਜੰਸੀਆਂ ਦੀ ਨਿਗਰਾਨੀ ਕਰਨਗੇ ਜਿਨ੍ਹਾਂ ਵਿੱਚ ਸੀ.ਆਈ.ਏ., ਐਫ਼ ਬੀ.ਆਈ. ਅਤੇ ਨੈਸ਼ਨਲ ਸਕਿਉਰਿਟੀ ਏਜੰਸੀ ਅਤਿਅੰਤ ਮਹੱਤਵਪੂਰਨ ਹਨ। ਉਹ 70 ਆਰਬ ਡਾਲਰ ਤੋਂ ਵੱਧ ਦੇ ਬਜਟ ਨੂੰ ਵੀ ਸੰਭਾਲੇਗੀ। ਅਮਰੀਕਾ ਵਿੱਚ ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਉਹ ਪਹਿਲੀ ਇਸਤਰੀ ਹੈ। ਭਾਰਤੀ ਮੂਲ ਦੀ ਵੀ ਤੁਲਸੀ ਗਵਾਰਡ ਇਸ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਇਸਤਰੀ ਹੈ। 43 ਸਾਲ ਦੀ ਇਤਨੀ ਛੋਟੀ ਉਮਰ ਵਿੱਚ ਵੱਡੀ ਜ਼ਿੰਮੇਵਾਰੀ ਮਿਲਣਾ ਉਸਦੀ ਕਾਬਲੀਅਤ ਦਾ ਪ੍ਰਤੀਕ ਹੈ। ਭਾਰਤ ਵਿੱਚ ਵੀ ਅਜੇ ਤੱਕ ਸੁਰੱਖਿਆ ਵਰਗੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਅਹੁਦੇ 'ਤੇ ਕੋਈ ਇਸਤਰੀ ਨਹੀਂ ਪਹੁੰਚ ਸਕੀ। ਤੁਲਸੀ ਗਵਾਰਡ ਦਲੇਰ, ਬਹਾਦਰ, ਬੇਬਾਕ ਅਤੇ ਦਬੰਗ ਸਿਆਸਤਦਾਨ ਹੈ। ਉਹ ਅੰਤਰ-ਰਾਸ਼ਟਰੀ ਮਾਮਲਿਆਂ 'ਤੇ ਵੀ ਖੁਲ੍ਹਕੇ ਟਿੱਪਣੀਆਂ ਕਰਨ ਕਰਕੇ ਜਾਣੀ ਜਾਂਦੀ ਹੈ। ਮਨੁੱਖੀ ਹੱਕਾਂ ਦੀ ਹਮਾਇਤ ਕਰਨ ਵਾਲੀ ਤੁਲਸੀ ਗਵਾਰਡ ਬਰਾਬਰਤਾ ਅਤੇ ਬੋਲਣ ਦੀ ਆਜ਼ਾਦੀ ਵਰਗੇ ਵਿਸ਼ਿਆਂ 'ਤੇ ਨਿੱਧੜਕ ਹੋ ਕੇ ਖੁਲ੍ਹਕੇ ਬੇਬਾਕੀ ਨਾਲ ਬੋਲਣ ਵਾਲੀ ਸਿਆਸਤਦਾਨ ਦੇ ਤੌਰ 'ਤੇ ਜਾਣੀ ਜਾਂਦੀ ਹੈ। ਰਿਪਬਲਿਕਨ ਪਾਰਟੀ ਦੇ ਸੈਨੇਟਰ ਵੀ ਤੁਲਸੀ ਗਵਾਰਡ ਦੇ ਇਸ ਅਹੁਦੇ 'ਤੇ ਨਿਯੁਕਤ ਹੋਣ 'ਤੇ ਹੈਰਾਨ ਤੇ ਪ੍ਰੇਸ਼ਾਨ ਹਨ, ਕਿਉਂਕਿ ਵ੍ਹਿਸਲਬਲੋਅਰ ਐਡਵਰਡ ਸਨੋਡਨ ਬਾਰੇ ਉਸ ਦੀਆਂ ਕੀਤੀਆਂ ਟਿੱਪਣੀਆਂ, ਸਰਕਾਰ ਦੇ ਨਿਗਰਾਨੀ ਅਥਾਰਟੀ ਬਾਰੇ ਉਸ ਦੇ ਵਿਚਾਰਾਂ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਸੀਰੀਆ ਦੇ ਤਾਨਸ਼ਾਹ ਬਸ਼ਰ ਅਲ-ਅਸਦ ਨਾਲ ਉਸਦੇ ਸੰਬੰਧਾਂ ਤੇ ਰੀਪਬਲਿਕਨਾਂ ਨੂੰ ਗਹਿਰਾ ਇਤਰਾਜ਼ ਸੀ। ਉਹ ਇੱਕ ਦ੍ਰਿੜ੍ਹ ਇਰਾਦੇ ਵਾਲੀ ਸਟਰੌਂਗ ਔਰਤ ਸਿਆਸਤਦਾਨ ਹੈ।

2004 ਵਿੱਚ ਉਸਦੀ ਨੈਸ਼ਨਲ ਗਾਰਡ ਯੂਨਿਟ ਦੀ ਇਰਾਕ ਵਿੱਚ ਤਾਇਨਤੀ ਹੋ ਗਈ ਜਿਥੇ ਉਹ 2005 ਤੱਕ ਉਥੇ ਰਹੀ। 2007 ਵਿੱਚ ਉਸਨੇ ਆਰਮੀ ਦੀ ਟ੍ਰੇਨਿੰਗ ਅਲਬਾਮਾ ਮਿਲਟਰੀ ਅਕਾਦਮੀ ਤੋਂ ਪ੍ਰਾਪਤ ਕੀਤੀ। 2008 ਵਿੱਚ ਉਹ ਕੁਵੈਤ ਵਿਖੇ ਬਤੌਰ ਆਰਮੀ ਮਿਲਟਰੀ ਪੋਲੀਸ ਆਫ਼ੀਸਰ ਗਈ।



ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੋਣ ਕਰਕੇ ਅਮਰੀਕਾ ਵਿੱਚ 9/11 ਦੇ ਹੋਏ ਹਮਲੇ ਨੇ ਉਸਦੇ ਦਿਲ ਨੂੰ ਵੱਡੀ ਸੱਟ ਮਾਰੀ ਸੀ। 2015 ਵਿੱਚ ਹਵਾਈ ਆਰਮੀ ਨੈਸ਼ਨਲ ਗਾਰਡ ਵਿੱਚ ਉਸਦੀ ਤਰੱਕੀ ਮੇਜਰ ਦੀ ਹੋ ਗਈ। 2020 ਵਿੱਚ ਉਸਦੀ ਬਦਲੀ ਯੁਨਾਈਟਡ ਸਟੇਟ ਆਰਮੀ ਰਿਜ਼ਰਵ ਵਿੱਚ ਹੋ ਗਈ। ਉਥੇ ਹੀ ਉਸਦੀ ਤਰੱਕੀ ਲੈਫ਼ਟੀਨੈਂਟ ਕਰਨਲ ਦੀ ਤਰੱਕੀ ਹੋ ਗਈ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿੱਚ ਤਾਇਨਾਤ ਰਹੀ ਹੈ। ਉਹ ਇਰਾਕ ਵਿੱਚ ਇੱਕ ਮੈਡੀਕਲ ਯੂਨਿਟ ਵਿੱਚ ਸੇਵਾ ਕਰਨ ਵਾਲੀ ਇੱਕ ਸਾਬਕਾ ਫ਼ੌਜੀ ਹੈ, ਜਿਸਨੇ ਆਪਣੇ ਸਿਆਸੀ ਕੈਰੀਅਰ ਵਿੱਚ ਕਈ ਕਰਵਟਾਂ ਲਈਆਂ। ਉਸਨੇ 2006 ਵਿੱਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਦਿਆਂ ਸ਼ੁਰੂ ਕੀਤਾ ਸੀ।

ਤੁਲਸੀ ਗਵਾਰਡ ਪਹਿਲੀ ਵਾਰ 2002 ਵਿੱਚ ਮਹਿਜ 21 ਸਾਲ ਦੀ ਉਮਰ ਵਿੱਚ ਹਵਾਈ ਹਾਊਸ ਆਫ਼ ਰਿਪ੍ਰਜ਼ੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। 2012 ਵਿੱਚ ਪ੍ਰਤੀਨਿਧੀ ਸਭਾ ਦੀ ਮੈਂਬਰ ਹੋਣ ਸਮੇਂ ਉਹ ਹਾਊਸ ਦੀਆਂ ਕਈਆਂ ਮਹੱਤਵਪੂਰਨ ਕਮੇਟੀਆਂ ਜਿਨ੍ਹਾਂ ਵਿੱਚ ਹਾਊਸ ਆਰਮਡ ਸਰਵਿਸ ਕਮੇਟੀ, ਹਾਊਸ ਫਾਰਨ ਅਫ਼ੇਅਰਜ਼ ਕਮੇਟੀ ਅਤੇ ਹਾਊਸ ਆਰਮਡ ਸਰਵਿਸ ਸਬ ਕਮੇਟੀ ਆਨ ਇੰਟੈਲੀਜੈਂਸ ਦੀ ਮੈਂਬਰ ਰਹੀ। ਉਸ ਸਮੇਂ ਦੌਰਾਨ ਕਈ ਲੋਕ ਹਿਤਾਂ ਦੇ ਮਸਲੇ ਪ੍ਰੀਤਨਿਧੀ ਸਭਾ ਵਿੱਚ ਉਠਾਏ। ਤੁਲਸੀ ਗਵਾਡ ਦੀਆਂ ਵਿਲੱਖਣ ਸੇਵਾਵਾਂ ਕਰਕੇ ਉਸਨੂੰ ਕਈ ਮਾਨ ਸਨਮਾਨ ਮਿਲੇ ਜਿਨ੍ਹਾਂ ਵਿੱਚ ਕੁਝ ਮਹੱਤਵਪੂਰਨ ਸਨਮਾਨ, ਕੰਬਾਟ ਮੈਡੀਕਲ ਬੈਜ, ਮੈਰੀਟਸਰੀਅਸ ਸਰਵਿਸ ਮੈਡਲ ਅਤੇ ਜਰਮਨ ਆਰਮਡ ਫ਼ੋਰਸਜ਼ ਬੈਜ ਫਾਰ ਮਿਲਟਰੀ ਪ੍ਰਾਫ਼ੀਸੈਂਸੀ ਇਨ ਗੋਲਡ ਆਦਿ ਹਨ।

ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਪਹਿਲੀ ਵਾਰ ਇਹ ਭੂਮਿਕਾ ਇੱਕ ਹਿੰਦੂ ਔਰਤ ਨਿਭਾ ਰਹੀ ਸੀ। ਉਹ ਡੈਮੋਕਰੈਟਿਕ ਪਾਰਟੀ ਦੀ ਸਿਆਸਤ ਵਿੱਚ ਬਹੁਤ ਸਰਗਰਮ ਰਹੀ ਹੈ। ਉਸਨੇ 2020 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਡੈਮੋਕਰੈਟਿਕ ਪਾਰਟੀ ਵੱਲੋਂ ਦਾਖ਼ਲ ਕੀਤੀ ਸੀ। ਉਸਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸੰਭਾਲ, ਮੁਫ਼ਤ ਕਾਲਜ ਟਿਊਸ਼ਨ ਅਤੇ ਹਥਿਆਰ ਨਿਯੰਤਰਣ ਵਰਗੇ ਉਦਾਰਵਾਦੀ ਮੁੱਦਿਆਂ ਦੀ ਹਿਮਾਇਤ ਕੀਤੀ ਸੀ। ਇਹ ਮੁੱਦੇ ਉਸਨੇ ਡੈਮੋਕਰੈਟਿਕ ਰਾਸ਼ਟਰਪਤੀ ਉਮੀਦਵਾਰ ਦੀ ਨਾਮਜ਼ਦਗੀ ਸਮੇਂ ਕੀਤੇ ਸਨ। ਉਦੋਂ ਰੂਸੀ ਮੀਡੀਆ ਵੱਲੋਂ ਉਸਦੀ ਚੋਣ ਮੁਹਿੰਮ ਦਾ ਪ੍ਰਚਾਰ ਕਰਨ ਕਰਕੇ ਅਤੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਵੱਲੋਂ ਕਥਿਤ ਸਮਰਥਨ ਹਾਸਲ ਕਰਨ ਲਈ ਵੀ ਉਸਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਬਸ਼ਰ ਅਲ-ਅਸਦ ਨੂੰ ਰੂਸੀ ਸਹਿਯੋਗੀ ਕਿਹਾ ਜਾਂਦਾ ਹੈ। ਡੈਮੋਕਰੈਟਿਕ ਪਾਰਟੀ ਵੱਲੋਂ ਸਪੋਰਟ ਨਾ ਮਿਲਣ ਤੋਂ ਬਾਅਦ ਉਹ ਰਾਸ਼ਟਰਪਤੀ ਦੀ ਉਮੀਦਵਾਰੀ 'ਚੋਂ ਬਾਹਰ ਹੋ ਗਈ ਸੀ। ਫਿਰ ਉਸਨੇ ਜੋ ਬਾਇਡਨ ਦੀ ਸਪੋਰਟ ਕਰ ਦਿੱਤੀ ਸੀ। ਸਾਲ 2022 ਵਿੱਚ ਉਹ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਇੱਕ ਆਜ਼ਾਦ ਸਿਆਸੀ ਅਗੂ ਵਜੋਂ ਰਜਿਸਟਰ ਹੋਈ ਸੀ। ਫਿਰ ਉਹ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਵਿੱਚ ਸ਼ਾਮਲ ਹੋ ਗਈ ਸੀ। ਅਕਤੂਬਰ 2024 ਵਿੱਚ ਉਹ ਫਾਰਮਲ ਤੌਰ 'ਤੇ ਰਿਪਬਲਿਕਨ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ।

ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿੱਚ 12 ਅਪ੍ਰੈਲ 1981 ਨੂੰ ਮਾਤਾ ਕਰੋਲ ਪੋਰਟਰ ਗਵਾਰਡ ਤੇ ਪਿਤਾ ਗਰਲਡ ਮਾਈਕ ਲਗਵਾਰਡ (ਮਾਈਕ ਗਵਾਰਡ) ਦੇ ਘਰ ਹੋਇਆ। ਉਹ ਪੰਜ ਭੈਣ ਭਰਾ ਹਨ, ਉਨ੍ਹਾਂ ਦੇ ਨਾਮ ਹਿੰਦੂਆਂ ਵਾਲੇ ਭਕਤੀ, ਜੈ, ਆਰੀਅਨ ਅਤੇ ਵਰਿੰਦਾਵਨ ਹਨ। ਉਹ ਦੋ ਸਾਲ ਦੀ ਸੀ, ਜਦੋਂ ਉਸਦੇ ਮਾਪੇ ਹਵਾਈ ਆ ਗਏ। ਉਸਦਾ ਪਾਲਣ ਪੋਸ਼ਣ ਬਹੁ ਭਾਸ਼ੀ ਸਭਿਆਚਾਰ ਵਿੱਚ ਹਵਾਈ ਵਿਖੇ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿੱਚ ਬਿਤਾਇਆ। ਉਸਦੀ ਮਾਂ ਜਰਮਨ ਤੇ ਯੂਰਪੀਅਨ ਪਿਛੋਕੜ ਵਾਲੀ ਹੈ। ਉਸਦਾ ਪਿਤਾ ਭਾਰਤ ਤੋਂ ਫਿਲਪੀਨ ਗਏ ਸਨ, ਜਿਥੋਂ ਉਹ ਅਮਰੀਕਾ ਆ ਗਏ ਸਨ। ਤੁਲਸੀ ਗਵਾਰਡ ਭਾਰਤੀ ਸਭਿਆਚਾਰ ਨਾਲ ਬਾਵਾਸਤਾ ਹੈ ਕਿਉਂਕਿ ਉਸਦੀ ਮਾਂ ਨੇ ਵੀ ਹਿੰਦੂ ਧਰਮ ਤੁਲਸੀ ਦੇ ਜਨਮ ਤੋਂ ਪਹਿਲਾਂ ਹੀ ਅਪਣਾ ਲਿਆ ਸੀ। ਉਸਨੇ 2013 ਵਿੱਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖਕੇ ਸਹੁੰ ਚੁੱਕੀ ਸੀ। ਉਹ ਧਾਰਮਿਕ ਵਾਤਾਵਰਨ ਵਿੱਚ ਪਲੀ ਹੈ। ਤੁਲਸੀ ਗਵਾਰਡ ਕ੍ਰਿਸ਼ਨ ਭਗਤ ਹੈ, ਜੋ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ। ਤੁਲਸੀ ਗਵਾਰਡ ਮਾਰਸ਼ਲ ਆਰਟ ਤੇ ਸਪੋਰਟਸ ਲਵਰ, ਯੋਗਾ ਤੇ ਮੈਡੀਟੇਸ਼ਨ ਕਰਦੀ ਹੈ।

2009 ਵਿੱਚ ਉਸਨੇ ਹਵਾਈ ਪੈਸੇਫਿਕ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਕੀਤੀ। ਤੁਲਸੀ ਗਵਾਰਡ ਦਾ ਪਹਿਲਾ ਵਿਆਹ 2002 ਵਿੱਚ ਬਚਪਨ ਦੇ ਦੋਸਤ ਐਡੂਰਾਡੋ ਟਮਾਇਓ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸਦੀ ਫ਼ੌਜ ਵਿੱਚ ਪੋਸਟਿੰਗ ਇਰਾਕ ਦੀ ਲੜਾਈ ਵਿੱਚ ਹੋ ਗਈ, ਜਿਥੇ ਪਰਿਵਾਰ ਨਹੀਂ ਰਹਿ ਸਕਦਾ ਸੀ, ਇਸ ਕਰਕੇ 2006 ਵਿੱਚ ਉਸਦਾ ਤਲਾਕ ਹੋ ਗਿਆ। 2015 ਵਿੱਚ ਉਸਦਾ ਦੂਜਾ ਵਿਆਹ ਅਬਰਾਹਿਮ ਵਿਲੀਅਮਜ਼ ਨਾਲ ਹੋ ਗਿਆ। ਉਸਦਾ ਪਤੀ ਫ਼ਿਲਮ ਮੇਕਰ ਹੈ।

# ਮਨੁੱਖ: ਹਕੀਕਤ ਤੋਂ ਭੱਜਦਾ, ਭਰਮ ਵਿੱਚ ਫ਼ਸਦਾ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਰਿਸ਼ੀਵਰ ਨੇ ਆਪਣੇ ਅਨੁਯਾਈਆਂ ਨੂੰ ਪ੍ਰਵਚਨ ਕਰਦਿਆਂ ਫ਼ੁਰਮਾਇਆ ਕਿ ਇਨਸਾਨ ਗ਼ਲਤੀਆਂ ਦਾ ਪੁਤਲਾ ਹੈ, ਉਹ ਪਲਕ ਝਪਕਦਿਆਂ ਬੜੀ ਆਸਾਨੀ ਨਾਲ ਦਾ ਗ਼ਫ਼ਲਤ ਅਤੇ ਗ਼ਲਤਫ਼ਹਿਮੀਆਂ ਦਾ ਸ਼ਿਕਾਰ ਬਣ ਜਾਂਦਾ ਹੈ। ਕਦੇ ਉਹ ਸੱਪ ਨੂੰ ਰੱਸੀ ਤੇ ਕਦੇ ਰੱਸੀ ਨੂੰ ਸਮਝ ਲੈਂਦਾ ਹੈ। ਕਦੇ-ਕਦੇ ਉਹ ਆਪਣੀ ਕਿਸੇ ਜ਼ਿੱਦ ਨੂੰ ਪੁਗਾਉਣਾ ਹੀ ਆਪਣੀ ਮੰਜ਼ਿਲ ਸਮਝ ਲੈਂਦਾ ਹੈ ਤੇ ਕਦੇ ਉਹ ਆਪਣੀ ਮੰਜ਼ਿਲ ਦੇ ਐਨ ਕਰੀਬ ਜਾ ਕੇ ਆਪਣੀ ਮੰਜ਼ਿਲ ਦਾ ਸਿਰਨਾਵਾਂ ਹੀ ਭੁੱਲ ਜਾਂਦਾ ਹੈ। ਆਪਣੀ ਅਕਲ ਉਤੇ ਗੁਮਾਨ ਕਰਨ ਦਾ ਆਦੀ ਹੋ ਚੁੱਕਾ ਹਰ ਮਨੁੱਖ ਕਦੇ ਵੀ ਕਿਸੇ ਦੀ ਸਿਆਣੀ ਮੱਤ ਨੂੰ ਆਸਾਨੀ ਨਾਲ ਆਪਣੇ ਪੱਲੇ ਨਹੀਂ ਬੰਨਦਾ ਹੈ। ਇਨਸਾਨ ਦੀ ਇਹ ਫ਼ਿਤਰਤ ਹੈ ਕਿ ਉਹ ਆਪਣੇ ਚੰਚਲ ਸੁਭਾਅ ਦੇ ਅਨੁਸਾਰ ਬੜੀ ਛੇਤੀ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਹੈ। ਆਪਣੇ ਕਿਸੇ ਮੁਫ਼ਾਦ ਦੀ ਖ਼ਾਤਰ ਜਾਂ ਫਿਰ ਆਪਣੇ ਕਿਸੇ ਹਦਫ ਨੂੰ ਹਾਸਲ ਕਰਨ ਲਈ ਉਹ ਸਧਾਰਨ ਤੌਰ ਉੱਪਰ ਕੋਈ ਵੀ ਹਰਬਾ ਇਸਤੇਮਾਲ ਕਰਨ ਵਿਚ ਰੰਚਕ ਮਾਤਰ ਵੀ ਸੰਕੋਚ ਨਹੀਂ ਕਰਦਾ ਹੈ। ਲੋਕ ਆਪਣੀ ਛੋਟੀ ਜਿਹੀ ਹਯਾਤੀ ਦੌਰਾਨ ਦੁਨੀਆਂ ਭਰ ਦੀਆਂ ਖੁਸ਼ੀਆਂ ਨਾਲ ਆਪਣੀ ਝੋਲੀ ਨੂੰ ਭਰਨ ਦੇ ਖਾਹਿਸ਼ਮੰਦ ਹੁੰਦੇ ਹਨ, ਲੇਕਿਨ ਆਪਣੀ ਨਫ਼ਸ ਦੇ ਗੁਲਾਮ ਇਹ ਲੋਕ ਆਪਣੀ ਨਫ਼ਸ ਦੇ ਹੱਥੋਂ ਹਾਰ ਕੇ ਜਦੋਂ ਉਹ ਦੁਨੀਆਂ ਨੂੰ ਜਿੱਤਣ ਲਈ ਨਿਕਲਦੇ ਹਨ ਤਾਂ ਅੰਤ ਵਿਚ ਉਹਨਾਂ ਦੇ ਹੱਥ ਫਿਰ ਵੀ ਖਾਲੀ ਹੀ ਰਹਿੰਦੇ ਹਨ। ਆਪਣੇ ਹਿਰਦਿਆਂ ਵਿਚ ਦੂਜਿਆਂ ਦੇ ਪ੍ਰਤੀ ਗਿਲੇ ਸ਼ਿਕਵੇ ਰੱਖਣ ਵਾਲੇ ਲੋਕ ਅਕਸਰ ਆਪਣੇ ਅੰਦਰ ਦੂਸਰਿਆਂ ਪ੍ਰਤੀ ਸਮੋਈ ਘਿਰਣਾ ਦੇ ਬੋਝ ਹੇਠ ਇਕ ਦਿਨ ਖ਼ੁਦ ਆਪ ਹੀ ਦਬ ਜਾਂਦੇ ਹਨ। ਦੂਸਰਿਆਂ ਦੇ ਐਬ ਗਿਣਨ ਵਾਲੇ ਲੋਕ ਆਪਣੇ ਗਿਰੇਬਾਨ ਵਿਚ ਝਾਤ ਮਾਰਨ ਪਿਛੋਂ ਸ਼ਰਮਸਾਰ ਹੁੰਦੇ ਹੋਏ ਅਕਸਰ ਦਿਖਾਈ ਦਿੰਦੇ ਹਨ।

ਰਿਸ਼ੀਵਰ ਨੇ ਆਪਣੇ ਅਨੁਯਾਈਆਂ ਨੂੰ ਇਸ ਗੱਲ ਉਪਰ ਵੀ ਗੌਰ ਕਰਨ ਲਈ ਕਿਹਾ ਕਿ ਇਸ ਛੋਟੀ ਜਿਹੀ ਜ਼ਿੰਦਗੀ ਵਿਚ ਕਦੇ ਵੀ ਤੈਸ਼ ਵਿਚ ਆ ਕੇ ਆਪਣੇ ਕੱਦ ਤੋਂ ਵੱਡੇ ਦਾਅਵੇ ਨਾ ਕਰੋ। ਹਮੇਸ਼ਾ ਇਹ ਯਾਦ ਰੱਖੋ ਕਿ ਮਿੱਟੀ ਦੇ ਪੁਤਲੇ ਨੇ ਮਿੱਟੀ ਵਿਚ ਮਿਲ ਕੇ ਹੀ ਸੁਰਖ਼ੁਰੂ ਹੋਣਾ ਹੈ। ਜੇਕਰ ਹੋ ਸਕੇ ਤਾਂ ਥੋੜ੍ਹਾ ਸਬਰ, ਸ਼ੁਕਰ, ਸੰਤੋਖ, ਸਹਿਜ ਅਤੇ ਸੰਜਮ ਰੱਖਣ ਦਾ ਹੁਨਰ ਸਿੱਖਣ ਦਾ ਯਤਨ ਕਰੋ। ਇਹ ਸੰਸਾਰ ਆਪਣੇ ਆਪ ਵਿਚ ਸਭ ਤੋਂ ਵੱਡਾ ਛਲਾਵਾ ਹੈ। ਜਿਹਨਾਂ ਨੂੰ ਅਸੀਂ ਆਪਣੇ ਸਮਝਦੇ ਹਾਂ ਉਹ ਸਾਡੇ ਨਾਲ ਮਹਿਜ਼ ਆਪਣੀਆਂ ਗਰਜ਼ਾਂ ਕਾਰਨ ਹੀ ਜੁੜੇ ਹੁੰਦੇ ਹਨ ਅਤੇ ਜਿਹਨਾਂ ਨੂੰ ਅਸੀਂ ਆਪਣੇ ਪ੍ਰਤੀਦਵੰਦੀ ਜਾਂ ਵਿਰੋਧੀ ਅਤੇ ਅਜ਼ਨਬੀ ਜਾਂ ਬੇਗਾਨਾ ਸਮਝਦੇ ਹਾਂ, ਉਹ ਮਹਿਜ਼ ਨਜ਼ਰੀਏ ਦੇ ਧੋਖੇ ਤੋਂ ਵੱਧ ਕੇ ਕੁਝ ਨਹੀਂ ਹੁੰਦੇ ਹਨ। ਜਿਹਨਾਂ ਪਰਛਾਵਿਆਂ ਪਿੱਛੇ ਅਸੀਂ ਸਾਰੀ ਉਮਰ ਭਟਕਦੇ ਹੋਏ ਗੁਜ਼ਾਰ ਦਿੰਦੇ ਹਾਂ, ਉਹਨਾਂ ਦਾ ਆਪਣਾ ਕਿਤੇ ਕੋਈ ਵਜੂਦ ਹੀ ਨਹੀਂ ਹੁੰਦਾ ਹੈ। ਜਿਹੜੀਆਂ ਖੁਸ਼ੀਆਂ ਨੂੰ ਮਾਣਨਾ ਸਾਡਾ ਖਵਾਬ ਹੁੰਦਾ ਹੈ, ਉਹਨਾਂ ਖੁਸ਼ੀਆਂ ਦੀ ਉਮਰ ਕੇਵਲ ਕੁਝ ਪਲਾਂ ਤੱਕ ਮਹਿਦੂਦ ਹੁੰਦੀ ਹੈ। ਜਿਸ ਮਿਰਗ ਤ੍ਰਿਸ਼ਨਾ ਦੇ ਅਸੀਂ ਬੁਰੀ ਤਰ੍ਹਾਂ ਸ਼ਿਕਾਰ ਹੁੰਦੇ ਹਾਂ, ਉਸ ਦੇ ਹੱਥੋਂ ਮਜਬੂਰ ਹੋ ਕੇ ਹੀ ਅਸੀਂ ਮਰਿਆਦਾਵਾਂ ਭੰਗ ਕਰਕੇ ਦਰ-ਦਰ ਉੱਪਰ ਖ਼ੁਆਰ ਹੁੰਦੇ ਹਾਂ। ਦਰਅਸਲ ਜੋ ਕੇਵਲ ਨਜ਼ਰ ਦਾ ਧੋਖਾ ਹੁੰਦਾ ਹੈ, ਉਸ ਦਿਲ ਫ਼ਰੇਬ ਖਿਆਲ ਦੀ ਖਾਤਰ ਅਸੀਂ ਜ਼ਿੰਦਗੀ ਦੀਆਂ ਅਟੱਲ ਸਚਾਈਆਂ ਦਾ ਸਾਹਮਣਾ ਕਰਨ ਤੋਂ ਵੀ ਮੁਨਕਰ ਹੋ ਜ਼ਾਂਦੇ ਹਾਂ।

ਰਿਸ਼ੀਵਰ ਨੇ ਇਹ ਵੀ ਫ਼ੁਰਮਾਇਆ ਕਿ ਪ੍ਰਤੱਖ ਤੋਂ ਅਸੀਂ ਪ੍ਰਮਾਣ ਮੰਗਦੇ ਹਾਂ ਤੇ ਧੁੰਦਲੇ ਆਈਨੇ ਵਿਚੋਂ ਅਸੀਂ ਆਪਣਾ ਅਕਸ ਸਾਫ਼ ਦੇਖਣਾ ਚਾਹੁੰਦੇ ਹਾਂ। ਜੋ ਕੁਝ ਕਦੇ ਵੀ ਸਥਾਈ ਨਹੀਂ ਹੁੰਦਾ, ਉਸ ਨਾਲ ਅਸੀਂ ਮੋਹ ਰੱਖਦੇ ਹਾਂ। ਵਕ਼ਤ ਦੇ ਹੱਥਾਂ ਵਿਚ ਖੇਡ ਰਿਹਾ ਮਨੁੱਖ ਵਕ਼ਤ ਨੂੰ ਹੀ ਆਪਣੀ ਗ੍ਰਿਫ਼ਤ ਵਿਚ ਲੈਣਾ ਚਾਹੁੰਦਾ ਹੈ। ਚਿੰਤਾਵਾਂ, ਅੰਦੇਸ਼ਿਆਂ, ਉਲਝਣਾਂ, ਵਸਵਸਿਆਂ, ਦੁਚਿੱਤੀ ਅਤੇ ਦੁਬਿਧਾਵਾਂ ਨਾਲ ਜੂਝ ਰਿਹਾ ਮਨੁੱਖ ਜਿਸ ਨੂੰ ਆਪਣੇ ਅਗਲੇ ਸਾਹਾਂ ਦਾ ਭਰੋਸਾ ਨਹੀਂ, ਉਹ ਮਨੁੱਖ ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਉਲਝ ਕੇ ਆਪਣੇ ਲਈ ਨਿੱਤ ਨਵੀਂ ਬਿਪਤਾਵਾਂ ਪੈਦਾ ਕਰਦਾ ਥੱਕਦਾ ਨਹੀਂ। ਗ਼ਫ਼ਲਤ ਅਤੇ ਬਦਗੁਮਾਨੀ ਦੇ ਸ਼ਿਕਾਰ ਮਨੁੱਖ ਦੀ ਸਥਿਤੀ ਬੜੀ ਹਾਸੋਹੀਣੀ ਜਿਹੀ ਜਾਪਦੀ ਹੈ, ਉਹ ਉਸ ਗੱਲ ਦਾ ਹਿਰਖ ਕਰਦਾ ਹੈ, ਜਿਸ ਉੱਤੇ ਉਸ ਦਾ ਕੋਈ ਜ਼ੋਰ ਨਹੀਂ ਹੁੰਦਾ ਹੈ। ਉਹ ਉਸ ਸੰਸਾਰ ਵਿਚ ਸਦਾ ਰਹਿਣਾ ਚਾਹੁੰਦਾ ਹੈ, ਜਿਥੇ ਕਦੇ ਕੋਈ ਸਦਾ ਟਿਕਿਆ ਹੀ ਨਹੀਂ। ਉਹ ਉਹਨਾਂ ਨਾਲ ਗਿਲਾ ਕਰਦਾ ਹੈ, ਜਿਹਨਾਂ ਨੂੰ ਉਸ ਨਾਲ ਕੋਈ ਸਰੋਕਾਰ ਹੀ ਨਹੀਂ।



ਰਿਸ਼ੀਵਰ ਨੇ ਫ਼ੁਰਮਾਇਆ ਕਿ ਮਨੁੱਖ ਦੀ ਜ਼ਿੰਦਗੀ ਕੌੜੀਆਂ ਸੱਚਾਈਆਂ ਅਤੇ ਨਿਰਮੂਲ ਭਰਮਾਂ ਦੇ ਆਲੇ ਦੁਆਲੇ ਭ੍ਰਮਣ ਕਰਦੀ ਰਹਿੰਦੀ ਹੈ। ਮਨੁੱਖ ਕੌੜੀਆਂ ਸੱਚਾਈਆਂ ਦਾ ਸਵਾਦ ਚਖਣਾ ਨਹੀਂ ਚਾਹੁੰਦਾ ਹੈ ਅਤੇ ਭਰਮਾਂ ਦੀ ਦਲਦਲ ਵਿਚ ਧਸ ਕੇ ਵੀ ਉਸ ਦਾ ਗੁਜ਼ਾਰਾ ਨਹੀਂ। ਕਦੇ-ਕਦੇ ਉਹ ਝੂਠੇ ਭਰਮ ਸਿਰਜ ਕੇ ਆਪਣੀ ਉਮਰ ਗੁਜ਼ਾਰ ਲੈਂਦਾ ਹੈ ਅਤੇ ਕਦੇ-ਕਦੇ ਉਸ ਵਲੋਂ ਸਿਰਜੇ ਭਰਮ ਹੀ ਉਸ ਦੇ ਗਲ ਦਾ ਗਲਾਵਾਂ ਬਣ ਜਾਂਦੇ ਹਨ। ਦਰਅਸਲ ਮਨੁੱਖ ਨੂੰ ਵੀ ਕਦੇ ਸਹਿਜ ਸੁਭਾਅ ਅਤੇ ਭੋਲੇ ਭਾਅ ਜੀਵਨ ਗੁਜ਼ਾਰਨ ਦਾ ਵ.ਲ ਆਇਆ ਹੀ ਨਹੀਂ। ਹਮੇਸ਼ਾ ਖੁਦ ਨੂੰ ਦੂਜਿਆਂ ਤੋਂ ਬੇਹਤਰ ਸਿਧ ਕਰਨ ਦੀ ਕੋਸ਼ਿਸ਼ ਵਿਚ ਉਹ ਨਿਤ ਕਿੰਨੇ ਨਿਵਾਣ ਛੂੰਹਦਾ ਹੈ, ਇਹ ਤਾਂ ਕੇਵਲ ਉਸ ਦੇ ਜ਼ਮੀਰ ਨੂੰ ਹੀ ਪਤਾ ਹੁੰਦਾ ਹੈ। ਇਕੋ ਹੀ ਸਮੇਂ ਕਦੇ ਉਹ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੁੰਦਾ ਹੈ ਅਤੇ ਠੀਕ ਉਸੇ ਸਮੇਂ ਉਹ ਆਪਣੇ ਪਤਨ ਵੱਲ ਵੀ ਵੱਧ ਰਿਹਾ ਹੁੰਦਾ ਹੈ। ਇਸ ਸੰਸਾਰ ਵਿਚ ਮਨੁੱਖ ਆਪਣੇ ਬਾਰੇ ਇੰਨੇ ਭਰਮ-ਭੁਲੇਖੇ ਸਿਰਜ ਲੈਂਦਾ ਹੈ ਕਿ ਸੱਚ ਕੀ ਹੈ? ਇਸ ਵ.ਲ ਉਹ ਜ਼ਰਾ ਜਿੰਨੀ ਵੀ ਤਵੱਜੋ ਨਹੀਂ ਦਿੰਦਾ ਹੈ। ਉਹ ਜ਼ਹਿਰ ਨੂੰ ਅੰਮ੍ਰਿਤ ਅਤੇ ਸ਼ਹਿਦ ਨੂੰ ਤੁੰਮਾ ਸਮਝ ਕੇ ਆਪਣੇ ਹੱਥੀਂ ਆਪਣੇ ਜੀਵਨ ਵਿਚ ਅਨੇਕਾਂ ਅਜ਼ਮਾਇਸ਼ਾਂ ਨੂੰ ਦਾਅਵਤ ਦਿੰਦਾ ਹੈ। ਕਾਸ਼! ਮਨੁੱਖ ਆਪਣੇ ਜ਼ਾਵੀਏ ਨੂੰ ਦਰੁਸਤ ਕਰਨ ਦਾ ਫ਼ਨ ਸਿਖ ਲੈਂਦਾ ਤਾਂ ਨਾ ਉਸ ਨੂੰ ਜੰਨਤ ਦੀ ਕੋਈ ਆਰਜ਼ੂ ਰਹਿੰਦੀ ਅਤੇ ਨਾ ਹੀ ਉਸ ਨੂੰ ਦੋਜ਼ਖ਼ ਦਾ ਕੋਈ ਡਰ ਸਤਾਉਂਦਾ, ਪਰ ਅਫ਼ਸੋਸ ਮਨੁੱਖ ਇਸ ਸੰਸਾਰ ਦੇ ਭਰਮ ਜਾਲ ਵਿਚ ਫਸ ਕੇ ਆਪਣੀ ਜ਼ਿੰਦਗੀ ਦਾ ਅਸਲ ਮਕਸਦ ਅਤੇ ਹਰ ਪਲ ਨੂੰ ਜਿਊਣ ਦਾ ਸਲੀਕਾ ਵੀ ਮੁੱਢੋਂ ਹੀ ਭੁੱਲ ਗਿਆ ਹੈ। ਨਤੀਜਤਨ ਮਨੁੱਖ ਆਪਣੇ ਅੰਦਰ ਬੇਹੱਦ ਘੁੱਟਣ, ਪੈਰਾਂ ਵਿਚ ਜ਼ੰਜੀਰਾਂ ਅਤੇ ਜ਼ਿਹਨੀ ਤੌਰ ਉੱਪਰ ਬੇਅਰਾਮੀ ਮਹਿਸੂਸ ਕਰਦਾ ਹੈ। ਸਫਲਤਾ ਅਤੇ ਸ਼ੋਹਰਤ ਹਾਸਲ ਕਰਨ ਲਈ ਮਨੁੱਖ ਦੋਹਰੇ ਮਾਪਦੰਡਾਂ ਉੱਪਰ ਅਧਾਰਿਤ ਦੋਹਰੀ ਜ਼ਿੰਦਗੀ ਜਿਉਣ ਲਈ ਤਿ.ਲ-ਤਿ.ਲ ਕਰਕੇ ਮਰਦਾ ਹੈ। ਜਿਹੜੇ ਖੁਸ਼ੀ ਦੇ ਪਲਾਂ ਦੀ ਉਹ ਸਾਰੀ ਉਮਰ ਉਡੀਕ ਕਰਦਾ ਹੈ, ਉਹ ਖੁਸ਼ੀ ਦੇ ਪਲ ਉਸ ਨੂੰ ਕਦੇ-ਕਦੇ ਨਸੀਬ ਵੀ ਨਹੀਂ ਹੁੰਦੇ ਅਤੇ ਜਿਹੜੀਆਂ ਅਜ਼ਮਾਇਸ਼ਾਂ ਦਾ ਖੌਫ਼ ਉਸ ਨੂੰ ਸਦਾ ਬੇਆਰਾਮ ਕਰੀ ਰੱਖਦਾ ਹੈ, ਕਈ ਵਾਰ ਹੋ ਸਕਦਾ ਹੈ ਕਿ ਉਹਨਾਂ ਅਜ਼ਮਾਇਸ਼ਾਂ ਦਾ ਉਸ ਨੂੰ ਕਦੇ ਸਾਹਮਣਾ ਵੀ ਨਾ ਕਰਨਾ ਪਵੇ। ਬਸ ਇਸੇ ਤਰ੍ਹਾਂ ਹੀ ਸੱਚ ਅਤੇ ਭ੍ਰਮ ਦੇ ਦੋ ਪੁੜਾਂ ਵਿਚ ਉਸ ਦੀ ਬੇਸ਼ਕੀਮਤੀ ਜ਼ਿੰਦਗੀ ਪਿਸ ਕੇ ਰਹਿ ਜਾਂਦੀ ਹੈ ਅਤੇ ਅੰਤ ਵਿਚ ਇਨਸਾਨ ਇਸ ਫ਼ਾਨੀ ਸੰਸਾਰ ਤੋਂ ਖਾਲੀ ਹੱਥੀਂ ਕੂਚ ਕਰ ਜਾਂਦਾ ਹੈ।

# ਸਾਹਿਬ ਕਾਂਸ਼ੀ ਰਾਮ ਦਾ ਚਮਤਕਾਰ



ਲਾਲ ਸਿੰਘ ਸੁਲਹਾਣੀ
91-98721-55120

1987 ਚ ਬਰਨਾਲਾ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ ਸੀ ਉਸ ਤੋਂ ਬਾਅਦ ਲੰਮੇ ਅਰਸੇ ਤੋਂ ਗਵਰਨਰੀ ਰਾਜ ਦਾ ਸੰਤਾਪ ਹੰਢਾਉਂਦੇ ਪੰਜਾਬ ਅੰਦਰ ਵੀ ਆਮ ਸੰਸਦੀ ਚੋਣਾਂ ਦੇ ਨਾਲ ਹੀ 22 ਜੂਨ 1991 ਨੂੰ ਪੰਜਾਬ ਅਸੰਬਲੀ ਤੇ ਸੰਸਦੀ ਚੋਣਾਂ ਕਰਵਾਉਣ ਦਾ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਹੋ ਗਿਆ ਸੀ।

ਮੈਨੂੰ ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਪਾਰਟੀ ਉਮੀਦਵਾਰ ਨਾਮਜ਼ਦ ਕਰ ਦਿੱਤਾ ਗਿਆ ਅਤੇ ਮੇਰੀ ਸਿਫਾਰਸ਼ ਤੇ ਪੜ੍ਹੇ ਲਿਖੇ, ਬਾਰਸੂਖ ਤੇ ਉੱਘੇ ਕੰਬੋਜ ਆਗੂ ਮੁਖਤਿਆਰ ਸਿੰਘ ਮੁੱਤੀ ਨੂੰ ਫਿਰੋਜ਼ਪੁਰ ਸ਼ਹਿਰ ਤੋਂ ਉਮੀਦਵਾਰ ਘੋਸ਼ਿਤ ਕਰ ਦਿੱਤਾ ਗਿਆ। ਭਾਵੇਂ ਬਸਪਾ 'ਚ ਹੋਰ ਕਈ ਕੰਬੋਜ ਕਾਰਜ ਕਰਤਾ ਮੌਜੂਦ ਸਨ ਜਿਹਨਾਂ ਵਿਚ ਸਿਰਕੱਢ ਨਾਮ ਜਸਵੰਤ ਸਿੰਘ, ਅਵਤਾਰ ਸਿੰਘ ਕੰਬੋਜ, ਸੁਰਜੀਤ ਸਿੰਘ ਥਿੰਦ, ਪੂਰਨ ਸਿੰਘ ਬਾਰੇ ਕੇ, ਨਰੰਜਣ ਸਿੰਘ ਤੇ ਹੋਰ। ਪਰ ਮੁੱਤੀ ਦੀ ਸ਼ਮੂਲੀਅਤ ਨਾਲ ਕੰਬੋਜ ਭਾਈਚਾਰੇ ਵਿਚ ਇਕ ਖੁਸ਼ੀ ਦੀ ਲਹਿਰ ਦੌੜ ਗਈ। ਬੇਸ਼ੱਕ ਇਹਨਾਂ ਦੋਵਾਂ ਹਲਕਿਆਂ ਵਿਚ ਕੰਬੋਜ ਬਰਾਦਰੀ ਦੀ ਚੋਖੀ ਤੇ ਚੋਣ ਨੂੰ ਪ੍ਰਭਾਵਤ ਕਰਨ ਜੋਗੀ ਵੋਟ ਮੌਜੂਦ ਸੀ ਪਰ ਫਿਰ ਵੀ ਕਿਸੇ ਮਾਨਤਾ ਪ੍ਰਾਪਤ ਪਾਰਟੀ ਵਲੋਂ ਕੋਈ ਕੰਬੋਜ ਪਹਿਲੀ ਵਾਰ ਇਸ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਜਿਸ ਕਾਰਨ ਕੰਬੋਜ ਭਾਈਚਾਰੇ ਅੰਦਰ ਇਕ ਖਾਸ ਉਤਸ਼ਾਹ ਉਮੜ ਪਿਆ ਸੀ। ਮੁਖਤਿਆਰ ਸਿੰਘ ਮੁੱਤੀ ਨੇ ਸਾਹਿਬ ਕਾਂਸ਼ੀ ਰਾਮ ਨੂੰ ਵਿਸਵਾਸ਼ ਦਿਵਾਇਆ ਸੀ ਕਿ ਕੰਬੋਜ ਭਾਈਚਾਰੇ ਦੀ ਭਾਰੀ ਹਮਾਇਤ ਸਦਕਾ ਫਿਰੋਜ਼ਪੁਰ ਛਾਉਣੀ ਤੇ ਸ਼ਹਿਰ ਹਲਕੇ ਨਾਲ ਨਾਲ ਲੱਗਦੇ ਹਨ ਅਸੀਂ ਰਲ ਮਿਲ ਕੇ ਚੋਣ ਮੁਹਿੰਮ ਚਲਾਵਾਂਗੇ ਤੇ ਦੋਵੇਂ ਸੀਟਾਂ ਤਾਂ ਜਿੱਤਾਂਗੇ ਹੀ ਇਸ ਦੇ ਨਾਲ ਹੀ ਲੋਕ ਸਭਾ ਵਿਚ ਵੀ ਬਸਪਾ ਨੂੰ ਭਾਰੀ ਲਾਭ ਹੋਵੇਗਾ। ਭਾਵੇਂ ਬਸਪਾ ਪੰਜਾਬ ਦਾ ਪ੍ਰਧਾਨ ਮੋਹਣ ਸਿੰਘ ਫਲੀਆਂ ਵਾਲਾ ਖੁਦ ਲੋਕ ਸਭਾ ਚੋਣ ਲੜ ਰਿਹਾ ਸੀ ਪਰ ਫਿਰ ਵੀ ਉਹਦੇ ਖੇਮੇ ਅੰਦਰ ਇਹ ਖਬਰ ਬੰਬ ਡਿੱਗਣ ਵਾਂਗ ਵੇਖੀ ਗਈ। ਹਾਲਾਂਕ ਉਹ ਲੋਕ ਸਭਾ ਦੀ ਚੋਣ ਲੜ ਰਿਹਾ ਸੀ ਤੇ ਉਸਨੂੰ ਇਸਦਾ ਵਧੇਰੇ ਲਾਭ ਸੀ। ਉਹ ਦਿੱਲੀ ਜਾ ਕੇ ਬਾਮਸੇਫ ਦੇ ਇਕ ਗੁੱਟ ਨੂੰ ਨਾਲ ਲੈਕੇ ਮੁਖਤਿਆਰ ਸਿੰਘ ਮੁੱਤੀ ਦੀ ਟਿਕਟ ਬਦਲਾਉਣ ਲਈ ਆਖਰੀ ਦਿਨ ਤੱਕ ਜੁਟਿਆ ਰਿਹਾ। ਪਰ ਜਦੋਂ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਅਜਿਹਾ ਨਾ ਕੀਤਾ ਗਿਆ ਤਾਂ ਉਹਦੇ ਖੇਮੇ ਵਲੋਂ ਇਸ ਗੱਲ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਲਿਆ ਗਿਆ ਤੇ ਮੇਰੇ ਵਿਰੁੱਧ ਇਕ ਪੱਲੇਦਾਰ ਨੂੰ ਆਪਣੇ ਪੱਲਿ ੋਂ ਪੈਸਾ ਖਰਚ ਕਰਕੇ ਖੜ੍ਹਾ ਕਰ ਦਿਤਾ ਗਿਆ। ਉਸਨੂੰ ਵੋਟ ਭਾਵੇਂ ਪਵੇ ਜਾਂ ਨਾ ਪਰ ਇਸ ਗੁੱਟ ਦਾ ਮਕਸਦ ਮੇਰੇ ਵਿਰੁੱਧ ਭੰਡੀ ਪਰਚਾਰ ਕਰਕੇ ਮੇਰੀ ਸ਼ਵੀ ਖਰਾਬ ਕਰਨਾ ਅਤੇ ਮੈਨੂੰ ਜਿਚ ਤੇ ਪਰੇਸ਼ਾਨ ਕਰਨ ਦਾ ਬਣ ਗਿਆ ਸੀ।

ਮੁੱਤੀ ਵਿਰੁੱਧ ਭਾਵੇਂ ਉਮੀਦਵਾਰ ਤਾਂ ਨਾ ਖੜ੍ਹਾ ਕੀਤਾ ਗਿਆ ਪਰ ਉਸ ਦਾ ਅੰਦਰੋ ਅੰਦਰੀ ਵਿਰੋਧ ਜਾਰੀ ਰੱਖਿਆ ਗਿਆ ਅਤੇ ਬਾਮਸੇਫ ਦੇ ਕੁਝ ਸਰਗਰਮ ਕਾਰਕੁੰਨਾ ਵਲੋਂ ਕਾਂਗਰਸੀ ਉਮੀਦਵਾਰ ਦੀ ਡਟਵੀਂ ਹਮਾਇਤ ਕੀਤੀ ਗਈ।

ਉਧਰ ਫ਼ਿਰੋਜ਼ਪੁਰ ਛਾਉਣੀ ਹਲਕੇ ਦੇ ਕੰਬੋਜ ਬਰਾਦਰੀ ਦੇ ਜਿਹੜੇ ਚੌਧਰੀ, ਸਰਪੰਚ ਤੇ ਬਾਰਸੂਖ ਮੁਖੀ ਮੁੱਤੀ ਨੂੰ ਜਿਤਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਸਨ ਉਹ ਫਿਰੋਜ਼ਪੁਰ ਛਾਉਣੀ ਹਲਕੇ 'ਚ ਮੇਰੇ ਨਾਲ ਤੁਰਨ ਦੀ ਬਜਾਏ ਦੂਜੀਆਂ ਵਿਰੋਧੀ ਪਾਰਟੀਆਂ ਦੀ ਇਮਦਾਦ ਕਰਦੇ ਉਹਨਾਂ ਨੂੰ ਜਿਤਾਉਣ ਲਈ ਸਰਗਰਮ ਭੂਮਿਕਾ ਨਿਭਾਉਂਦੇ ਰਹੇ।

ਬਾਮਸੇਫ ਦੇ ਵੱਡੇ ਨਾਮ ਜਿਹਨਾਂ ਨਾਲ ਮਿਲਕੇ ਹਰ ਮੁਹਿੰਮ ਵਿਚ ਹਰ ਮੋਰਚੇ ਤੇ ਮੂਹਰਲੀਆਂ ਸਫਾਂ 'ਚ ਮੈਂ ਆਪਣੀ ਜਾਨ ਹੂਲਕੇ ਖੜ੍ਹਦਾ ਰਿਹਾ ਸਾਂ ਤੇ ਕਦੇ ਮਿਸ਼ਨ ਨੂੰ ਆਂਚ ਨਹੀਂ ਆਉਣ ਦਿੱਤੀ ਸੀ ਉਹ ਵੀ ਮੇਰੇ ਬਸਪਾ ਵਿਚ ਸ਼ਮੂਲੀਅਤ ਕਰਦਿਆਂ ਹੀ ਅੱਖਾਂ ਫੇਰ ਗਏ ਜਾਪਦੇ ਸਨ। ਜਾਤੀ ਰੰਜਸ਼ਾਂ, ਨਿਜੀ ਕਿੜ੍ਹਾਂ ਤੇ ਈਰਖਾਲੂ ਰਵੱਈਆ ਮਿਸ਼ਨ ਤੇ ਭਾਰੂ ਹੋ ਗਿਆ ਸੀ।

26 ਅਪ੍ਰੈਲ 1991 ਨੂੰ ਮੈਂ ਆਪਣੇ ਸੈਂਕੜੇ ਉਤਸ਼ਾਹ ਸਾਥੀਆਂ ਨੂੰ ਨਾਲ ਲੈਕੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਵਾਇਆ। ਘਾਗ ਸਿਆਸਤਦਾਨਾਂ, ਧਨਾਢ ਪਾਰਟੀਆਂ ਤੇ ਲੱਠ ਮਾਰ ਗੁੰਡਾ ਗ੍ਰੋਹਾਂ ਵਿਰੁੱਧ ਮੈਂ ਪੂਰੇ ਦ੍ਰਿੜ ਇਰਾਦੇ ਨਾਲ ਡਟ ਗਿਆ ਸੀ। ਮੇਰੇ ਨਾਲ ਕਿਰਤੀ- ਕਾਮਿਆਂ, ਭਾਈ ਲਾਲੋ ਦੇ ਵਾਰਸਾਂ ਤੇ ਸਿਰਲੱਥ ਯੋਧਿਆਂ ਦੀ ਅਣਥੱਕ ਧਿਰ ਖੜ੍ਹੀ ਸੀ ਜੋ ਮੈਨੂੰ ਕਦੇ ਡੋਲਣ ਨਾ ਦਿੰਦੀ।

ਜਗਰੂਪ ਨੇ ਮੁੱਦਕੀ, ਤਲਵੰਡੀ ਵੱਲ ਮੋਰਚਾ ਮੱਲ ਲਿਆ ਸੀ। ਮੇਰਾ ਇਕ ਲੇਖਕ ਮਿੱਤਰ ਹਰਮੀਤ ਵਿਦਿਆਰਥੀ ਪਰਛਾਵੇਂ ਵਾਂਗ ਮੇਰੇ ਨਾਲ ਡਟ ਗਿਆ ਸੀ। ਉਹ ਇਕ ਹੱਥ 'ਚ ਬੰਦੂਕ ਫੜੀ ਪਹਿਰੇਦਾਰੀ ਕਰਦਾ, ਦੂਜੇ ਹੱਥ ਮਾਇਕ ਫੜ ਕੇ ਭਾਸ਼ਨ ਕਰਦਾ, ਸਲਾਹ ਮਸ਼ਵਰਾ ਕਰਦਾ ਨਜ਼ਰ ਆਉਂਦਾ। ਪਿੰਡ ਪਿੰਡ ਗਰੀਬ ਗੁਰਬੇ ਆਪ ਮੁਹਾਰੇ ਉਠ ਰਹੇ ਸਨ। ਮੈਂ ਆਪਣੇ ਛੋਟੇ ਛੋਟੇ ਸਾਧਨ ਲੈਕੇ ਬੁਲੰਦ ਹੌਸਲੇ ਨਾਲ ਮੁਹਿੰਮ ਪੂਰੀ ਤਰ੍ਹਾਂ ਭਖਾ ਦਿੱਤੀ ਸੀ। ਬਸਪਾ ਦੇ ਨਾਅਰੇ ਤੇ ਚੋਣ ਨਿਸ਼ਾਨ ਹਾਥੀ (ਆਂ) ਦੇ ਝੁੰਡ ਕੰਧਾਂ ਤੇ ਉਲੀਕੇ ਗਏ, ਸਾਈਕਲ ਰੈਲੀਆਂ ਕਰਕੇ ਕਾਰਜਕਰਤਾਵਾਂ ਨੇ ਇਲਾਕੇ ਭਰ ਵਿਚ ਇਕ ਨਵੀਂ ਚਰਚਾ ਛੇੜ ਦਿੱਤੀ। ਬਸਪਾ ਦਾ ਹਾਥੀ ਪਿੰਡਾਂ ਦੀਆਂ ਸੱਥਾਂ ਵਿਚ ਚਰਚਾ ਦਾ ਵਿਸ਼ਾ ਬਣ ਚੁੱਕਿਆ ਸੀ ਹੁਣ ਬਸਪਾ ਦਾ ਹਾਥੀ ਅਣਗੌਲਿਆ ਨਹੀਂ ਰਿਹਾ ਸੀ। ਲੋਕਲ ਪ੍ਰੈਸ ਮੈਨੂੰ ਭਰਵਾਂ ਸਹਿਯੋਗ ਦੇ ਰਹੀ ਸੀ। ਧਨਾਢ ਉਮੀਦਵਾਰਾਂ ਦੇ ਬਰਾਬਰ ਮੇਰੀਆਂ ਖਬਰਾਂ ਛਪ ਰਹੀਆਂ ਸਨ।

ਇਸ ਚੋਣ ਵਿਚ ਕਾਂਗਰਸ ਪਾਰਟੀ ਨੇ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ ਤੇ ਉਹ ਚੋਣ ਪ੍ਰਕਿਰਿਆ ਚੋਂ ਬਾਹਰ ਸੀ। ਖੁੰਬਾਂ ਵਾਂਗ ਉੱਗੇ ਅਕਾਲੀ ਦਲਾਂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਕਈ ਧੜੇ ਚੋਣ ਮੈਦਾਨ ਵਿੱਚ ਕੁੱਦੇ ਹੋਏ ਸਨ। ਪਰ ਬਹੁਜਨ ਸਮਾਜ ਪਾਰਟੀ ਆਪਣੇ ਦਮ ਖ਼ਮ ਨਾਲ ਇਕੱਲਿਆਂ ਬੁਲੰਦ ਹੌਸਲੇ ਨਾਲ ਬੇਖੌਫ ਚੋਣ ਮੈਦਾਨ ਵਿਚ ਜੂਝ ਰਹੀ ਸੀ। ਪੰਜਾਬ ਦਾ ਮਹੌਲ ਬਹੁਤ ਹੀ ਦਹਿਸ਼ਤਜਦਾ ਸੀ। ਭਾਵੇਂ ਦੋ ਦਰਜਨ ਤੋਂ ਵਧ ਉਮੀਦਵਾਰ ਅਣਪਛਾਤੇ ਦਹਿਸ਼ਤ ਗਰਦਾਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕੇ ਸਨ। ਧਰਮਕੋਟ ਰਿਜ਼ਰਵ ਹਲਕੇ ਤੋਂ ਇਕ ਅਕਾਲੀ ਗੁੱਟ ਵਲੋਂ ਚੋਣ ਲੜ ਰਿਹਾ ਮੇਰਾ ਮਿੱਤਰ ਜਥੇਦਾਰ ਪ੍ਰੀਤਮ ਸਿੰਘ ਚੀਮਾ ਵੀ ਅਣਪਛਾਤਿਆਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕਾ ਸੀ। ਫਿਰ ਵੀ ਪਿੰਡਾਂ ਦੀਆਂ ਸੱਥਾਂ ਵਿਚ ਮੈਂ ਬੇਖੌਫ਼ ਬੋਲਦਾ ਬਸਪਾ ਦਾ ਪ੍ਰਚਾਰ ਕਰਦਾ ਸੀ। ਦਲਿਤ ਵਿਹੜਿਆਂ ਵਿਚ ਵੋਟਾਂ ਮੰਗਣ ਦੀ ਬਜਾਏ ਉਹਨਾਂ ਦੀ ਅਣਖ



ਟੁੰਬਣ ਵਾਲੀ ਭਾਸ਼ਾ ਵਰਤਦਿਆਂ ਮੈਂ ਉਹਨਾਂ ਨੂੰ ਸਵੈਮਾਣ ਨਾਲ ਸਿਰ ਚੁੱਕ ਕੇ ਜ਼ਿੰਦਗੀ ਜਿਉਣ ਲਈ ਪ੍ਰੇਰਦਾ। ਦਲਿਤਾਂ ਦੀਆਂ ਭੀੜਾਂ ਮੰਤਰ- ਮੁਗਧ ਹੋ ਮੇਰਾ ਦਰਦੀਲਾ ਭਾਸ਼ਨ ਸੁਣ ਕੇ ਉਤਸ਼ਾਹਿਤ ਹੋ ਉਠਦੀਆਂ।

ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਮੇਰੀ ਚੋਣ ਮੁਹਿੰਮ ਨੂੰ ਹੋਰ ਰਵਾਨਗੀ ਦੇਣ ਲਈ ਪੁੱਜੇ। ਜ਼ਿਲ੍ਹਾ ਪ੍ਰੀਸ਼ਦ ਰੈਸਟ ਹਾਊਸ ਵਿਚ ਪੰਜਾਬ ਬਸਪਾ ਦਾ ਪ੍ਰਧਾਨ ਤੇ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਉਮੀਦਵਾਰ ਮੋਹਣ ਸਿੰਘ ਫਲੀਆਂ ਵਾਲੇ ਸਮੇਤ ਸੈਂਕੜੇ ਬਸਪਾ ਤੇ ਬਾਮਸੇਫ ਆਗੂ ਮੌਜੂਦ ਸਨ। ਮੇਰੇ ਵਿਰੁੱਧ ਖੜ੍ਹਾ ਕੀਤਾ ਗਿਆ ਉਮੀਦਵਾਰ ਵੀ ਉਹਨਾਂ ਵਲੋਂ ਬੁਲਾਇਆ ਗਿਆ ਸੀ ਜੋ ਆਪਣੇ ਆਪ ਨੂੰ ਬਸਪਾ ਦਾ ਉਮੀਦਵਾਰ ਦੱਸਦਾ ਫਿਰਦਾ ਸੀ। ਸਾਹਿਬ ਕਾਂਸ਼ੀ ਰਾਮ ਮੇਰੇ ਵੱਲ ਇਸ਼ਾਰਾ ਕਰਦਿਆਂ ਉਹਨੂੰ ਕਹਿਣ ਲੱਗੇ- "ਭਾਈ ਬਸਪਾ ਦਾ ਉਮੀਦਵਾਰ ਤਾਂ ਇਹ ਲਾਲ ਸਿੰਘ ਸੁਲਹਾਣੀ ਹੈ ਜਿਸ ਨੂੰ ਮੈਂ ਪਾਰਟੀ ਦੀ ਟਿਕਟ ਦਿੱਤੀ ਹੈ। ਤੂੰ ਆਪਣੇ ਆਪ ਨੂੰ ਬਸਪਾ ਦਾ ਕਾਰਕੁਨ ਆਖਦਾ ਹੈਂ, ਫਿਰ ਬਸਪਾ ਵਿਰੁੱਧ ਚੋਣ ਕਿਉਂ ਲੜ ਰਿਹਾ ਹੈਂ?"

ਉਹ ਝਟਪਟ ਤੇ ਬੇਝਿਜਕ ਕਹਿਣ ਲੱਗਾ ਕਿ "ਸਾਹਿਬ ਮੈਨੂੰ ਤਾਂ ਮੋਹਣ ਸਿੰਘ ਫਲੀਆਂ ਵਾਲਾ ਨੇ ਖੜ੍ਹਾ ਕੀਤਾ ਹੈ।"ਅਗਲੇ ਪਲ ਸਾਹਿਬ ਨੂੰ ਉਥੇ ਈ ਛੱਡ ਕੇ ਫਲੀਆਂ ਵਾਲਾ ਰੈਸਟ ਹਾਊਸ ਵਿਚੋਂ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਗਿਆ। ਸਾਹਿਬ ਕਾਂਸ਼ੀ ਰਾਮ ਜੀ ਸਾਰੇ ਮਾਮਲੇ ਨੂੰ ਸਮਝ ਚੁਕੇ ਸਨ।

"ਕੀ ਸਥਿਤੀ ਚੱਲ ਰਹੀ ਹੈ?"- ਸਾਹਿਬ ਮੈਨੂੰ ਪੁੱਛਣ ਲੱਗੇ।

"ਹਾਲਾਤ ਬਹੁਤ ਹੀ ਸਾਜ਼ਗਾਰ ਹਨ, ਸਰ!

ਕੁਝ ਵੀ ਹੋ ਸਕਦਾ ਹੈ"- ਮੈਂ ਬੁਲੰਦ ਹੌਸਲੇ ਨਾਲ ਦੱਸਿਆ।

"ਹਾਲਾਤ ਤਾਂ ਮੈਨੂੰ ਸਾਰੇ ਪੰਜਾਬ ਵਿਚ ਈ ਬੜੇ ਸਾਜ਼ਗਾਰ ਨਜ਼ਰ ਆਉਂਦੇ ਹਨ। ਕਿਤੇ ਸਰਕਾਰ ਬਣਾਉਣ ਵਾਲਾ ਪੰਗਾ ਜਿਹਾ ਬਸਪਾ ਨੂੰ ਨਾ ਲੈਣਾ ਪੈਜੇ-- ਉਹ ਖੁਸ਼ ਮਿਜਾਜ਼ ਲਹਿਜੇ ਆਖਣ ਲੱਗੇ।

22 ਜੂਨ ਨੂੰ ਵੋਟਾਂ ਪੈਣੀਆਂ ਸਨ। ਚੋਣ ਪਰਚਾਰ ਬੰਦ ਹੋ ਗਿਆ ਸੀ। ਮੈਂ ਕੁਝ ਸਾਥੀਆਂ ਨਾਲ ਫਿਰੋਜ਼ਪੁਰ ਛਾਉਣੀ ਦੇ ਮੁਹੱਲਿਆਂ ਵਿੱਚ ਘਰ ਘਰ ਜਾਕੇ ਵੋਟਾਂ ਦੀ ਅਪੀਲ ਕਰ ਰਿਹਾ ਸਾਂ। ਪ੍ਰਚਾਰ ਸਮੱਗਰੀ ਦੇ ਕੇ ਪੀ.ਐਂਡ.ਟੀ. ਕਲੋਨੀ ਦੇ ਇਕ ਕੁਆਟਰ ਚੋਂ ਅਸੀਂ ਅਜੇ ਚਾਰ ਕੁ ਕੁਆਟਰਾਂ 'ਚ ਹੀ ਗਏ ਸਾਂ ਕਿ ਇਕ ਆਦਮੀ ਛੋਹਲੇ ਕਦਮੀਂ ਸਾਡੇ ਕੋਲ ਆ ਕੇ ਕਾਗਜ਼ ਦਿਖਾਉਂਦਿਆਂ ਕਹਿਣ ਲੱਗਾ ਕਿ "ਹਾਥੀ ਵਾਲੇ ਤੁਸੀਂ ਈ ਓ?"

"ਹਾਂ" - ਮੈਂ ਦੱਸਿਆ।

"ਸੁਣਿਐ ਹਾਥੀ ਵਾਲੇ ਉਮੀਦਵਾਰ (ਲਾਲ ਸਿੰਘ ਸੁਲਹਾਣੀ) ਨੂੰ ਗੋਲੀ ਮਾਰ ਦਿੱਤੀ ਗਈ ਹੈ, ਸਾਰੇ ਬਜ਼ਾਰ ਵਿਚ ਇਸ ਗੱਲ ਦੀ ਭਾਰੀ ਚਰਚਾ ਐ, ਤੁਹਾਨੂੰ ਖ਼ਬਰ ਨਹੀਂ ਮਿਲੀ ਅਜੇ"-ਉਹਨੇ ਘਬਰਾਹਟ ਨਾਲ ਆਖਿਆ।

"ਬਸਪਾ ਉਮੀਦਵਾਰ ਲਾਲ ਸਿੰਘ ਸੁਲਹਾਣੀ ਮੈਂ ਹਾਂ ਤੇ ਤੁਹਾਡੇ ਸਾਹਮਣੇ ਸਾਮਰਤਖ ਖੜ੍ਹਾ ਹਾਂ"- ਮੈਂ ਹੱਸਦਿਆਂ ਆਖਿਆ। ਇਉਂ ਬਸਪਾ ਵਿਰੁੱਧ ਅਫਵਾਹਾਂ ਦਾ ਬਜ਼ਾਰ ਗਰਮ ਸੀ।

ਚੋਣ ਸਮੱਗਰੀ ਲੈਕੇ ਚੋਣ ਅਮਲਾ ਆਪਣੀ ਆਪਣੀ ਡਿਊਟੀ ਵਾਲੇ ਪੋਲਿੰਗ ਬੂਥਾਂ ਤੇ ਪੁੱਜ ਚੁੱਕਾ ਸੀ। ਚੋਣ ਪ੍ਰਕਿਰਿਆ ਪੂਰੀ ਕਰਨ ਲਈ ਸਾਰੇ ਪ੍ਰਬੰਧ ਮੁਕੰਮਲ ਹੋ ਚੁਕੇ ਸਨ। ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣਨ ਦੇ ਭਾਰੀ ਆਸਾਰ ਨਜ਼ਰ ਆ ਰਹੇ ਸਨ। ਪਰ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਚਿੱਤ ਪਵਨ ਬ੍ਰਾਹਮਣ ਨਰਸਿਮਹਾ ਰਾਓ ਦੀ ਅਗਵਾਈ ਵਿਚ ਕੇਂਦਰ ਸਰਕਾਰ ਬਣਨੀ ਤੈਅ ਸੀ ਜਿਸ ਨੂੰ ਭਾਂਪ ਕੇ ਕਾਂਗਰਸ ਆਗੂਆਂ ਦੇ ਇਸ਼ਾਰੇ ਤੇ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਕਰ ਦਿਤਾ ਗਿਆ ਕਿ ਪੰਜਾਬ ਦੀ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿੱਤੀ ਗਈ ਹੈ। ਇਸ ਅਚਾਨਕ ਪਈ ਬਿੱਜ ਨਾਲ ਪੰਜਾਬ ਵਾਸੀ ਭੌਂਚਕੇ ਰਹਿ ਗਏ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ 19 ਫਰਵਰੀ 1992 ਦਾ ਦਿਨ ਪੰਜਾਬ ਅੰਦਰ ਵਿਧਾਨ ਸਭਾ ਤੇ ਸੰਸਦੀ ਚੋਣਾਂ ਲਈ ਮੁੜ ਨਿਸਚਿਤ ਕੀਤਾ ਗਿਆ। ਪਰ 1991 ਦੀ ਚੋਣ ਦੇ ਉਲਟ ਇਸ ਵਾਰ ਵੱਖ ਵੱਖ ਸਾਰੇ ਅਕਾਲੀ ਧੜਿਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁੱਟਾਂ ਵੱਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ। ਚਰਚਾ ਸੀ ਕਿ ਸਰਕਾਰੀ ਏਜੰਸੀਆਂ ਦੇ ਦਬਾਅ ਕਾਰਨ ਅਜਿਹਾ ਕੀਤਾ ਗਿਆ ਹੈ। ਸ਼ਰੇਆਮ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਜੇ ਕੋਈ ਵੋਟ ਪਾਉਣ ਜਾਵੇਗਾ ਤਾਂ ਉਹ ਆਪਣਾ ਕੱਫਣ ਤਿਆਰ ਕਰਕੇ ਜਾਵੇ। ਪੰਜਾਬ ਦਾ ਮਾਹੌਲ ਪੂਰਾ ਦਹਿਸ਼ਤਜ਼ਦਾ ਅਤੇ ਤਣਾਅ ਪੂਰਨ ਸੀ। ਪਰ ਹੁਣ ਪ੍ਰਧਾਨ ਮੰਤਰੀ ਪੀ. ਵੀ. ਨਰ ਸਿਮਹਾ ਰਾਓ ਦੀ ਕਾਂਗਰਸੀ ਸਰਕਾਰ ਹਰ ਹਾਲਤ ਵਿਚ ਚੋਣਾਂ ਕਰਵਾਉਣ ਲਈ ਬਜ਼ਿਦ ਸੀ। ਇਸ ਵਾਰ ਕਾਂਗਰਸ ਪਾਰਟੀ ਦੇ ਮੁਕਾਬਲੇ ਬਹੁਜਨ ਸਮਾਜ ਪਾਰਟੀ ਆਪਣੇ ਦਮ ਖ਼ਮ 'ਤੇ ਚੋਣ ਮੈਦਾਨ ਵਿੱਚ ਡਟ ਕੇ ਖੜ੍ਹੀ ਹੋਈ ਸੀ। ਉਮੀਦਵਾਰ ਭਾਰੀ ਸੁਰੱਖਿਆ ਹੇਠ ਚੋਣ ਪਰਚਾਰ ਵਿੱਚ ਰੁੱਝ ਗਏ। ਪਰ ਪਿੰਡਾਂ ਤੇ ਕਸਬਿਆਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਸੀ। ਲੋਕਾਂ ਵਿਚ ਚੋਣਾਂ ਦੌਰਾਨ ਪਾਈ ਜਾਂਦੀ ਗਰਮਜੋਸ਼ੀ ਲੱਗਭਗ ਗਾਇਬ ਸੀ।

ਅਜਿਹੇ ਮਾੜੇ ਮਾਹੌਲ ਵਿੱਚ ਵੀ ਮੈਂ ਬੁਲੰਦ ਹੌਸਲੇ ਨਾਲ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਦਿਸ਼ਾ ਨਿਰਦੇਸ਼ ਹੇਠ ਚੋਣ ਮੈਦਾਨ ਵਿੱਚ ਡਟ ਗਿਆ ਸੀ। ਨਾਸਾਜ਼ਗਾਰ ਹਾਲਾਤਾਂ ਦੇ ਬਾਵਜੂਦ ਵੀ ਬਸਪਾ ਕਾਰਜਕਰਤਾਵਾਂ ਵਿਚ ਭਾਰੀ ਉਤਸ਼ਾਹ ਸੀ। ਮੁਕਾਬਲੇ ਤੇ ਕਾਂਗਰਸ ਪਾਰਟੀ ਦਾ ਧਨਾਢ ਉਮੀਦਵਾਰ ਐਡਵੋਕੇਟ ਗੁਰਨੈਬ ਸਿੰਘ ਬਰਾੜ ਤੇ ਕਾਂਗਰਸ ਦਾ ਬਾਗੀ ਯੂਥ ਆਗੂ ਰਵਿੰਦਰ ਸਿੰਘ ਸੰਧੂ (ਬੱਬਲ) ਰਜਵਾੜਾਨੁਮਾ ਜਗੀਰਦਾਰ ਚੋਣ ਲੜ ਰਹੇ ਸਨ। ਅਸੀਂ ਛੋਟੇ ਛੋਟੇ ਸਾਧਨਾਂ ਨਾਲ ਨੰਗੇ ਧੜ ਲੜਦਿਆਂ ਉਹਨਾਂ ਲਈ ਵੰਗਾਰ ਬਣ ਰਹੇ ਸੀ। ਕਿਧਰੇ ਗ਼ਰੀਬ ਪਰਵਾਰ ਵਿਚੋਂ ਉਠਿਆ ਬਸਪਾ ਉਮੀਦਵਾਰ ਈ ਜਿੱਤ ਨਾ ਜਾਵੇ ਇਸ ਲਈ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਰਵਿੰਦਰ ਸੰਧੂ ਦੀ ਧਿਰ ਬਣ ਖੜੋਤੀਆਂ।

ਇਕ ਸਹਾਇਕ ਥਾਣੇਦਾਰ ਦੀ ਅਗਵਾਈ 'ਚ ਛੇ ਪੰਜਾਬ ਪੁਲਿਸ ਦੇ ਮੁਲਾਜ਼ਮ ਤੇ ਇਕ ਸਬ ਇੰਸਪੈਕਟਰ ਦੀ ਕਮਾਂਡ ਹੇਠ ਵੱਡੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਦੇ ਜੁਆਨ ਮੇਰੀ ਸੁਰੱਖਿਆ ਲਈ ਤੈਨਾਤ ਕੀਤੇ ਗਏ ਸਨ। ਮੈਂ ਸੈਂਟਰਲ ਜ਼ੇਲ੍ਹ ਫਿਰੋਜ਼ ਪੁਰ ਦੇ ਸਾਹਮਣੇ ਰਾਜਾ ਟਾਕੀਜ਼ ਵਿਚ ਇਕ ਵੱਡਾ ਹਾਲ ਤੇ ਕੁਝ ਕਮਰੇ ਬੁੱਕ ਕਰਵਾ ਲਏ। ਫਿਰ ਕੁਝ ਦਿਨਾਂ ਬਾਅਦ ਮੈਂ 151- ਸੰਤ ਲਾਲ ਰੋਡ ਫਿਰੋਜ਼ਪੁਰ ਛਾਉਣੀ ਵਿਖੇ ਜਾ ਡੇਰਾ ਲਾਇਆ। ਜਿੱਥੇ ਪਹਿਲਾਂ ਖੁਰਾਕ ਤੇ ਸਪਲਾਈਜ਼ ਵਿਭਾਗ ਦਾ ਦਫ਼ਤਰ ਹੋਇਆ ਕਰਦਾ ਸੀ। ਕਿਉਂਕਿ ਐਨੇ ਵੱਡੇ ਦਲ ਬਲ ਨੂੰ ਮੁਹੱਲੇ ਵਿਚ ਸੰਭਾਲਣਾ ਮੁਸ਼ਕਿਲ ਸੀ। ਉਸ ਕਾਲੇ ਦੌਰ ਵਿਚ ਹੋ ਰਹੀ ਇਸ ਚੋਣ ਵਿਚ ਦਰਜਨਾਂ ਉਮੀਦਵਾਰ ਕਤਲ ਕੀਤੇ ਜਾ ਚੁੱਕੇ ਸਨ।

ਮੈਂ ਇਕ ਜੁਗਾੜੂ ਜੀਪ ਦਾ ਪ੍ਰਬੰਧ ਕਰ ਲਿਆ ਸੀ। ਜਿਸਨੇ ਬੇਸ਼ੱਕ ਇਲਾਕੇ 'ਚ ਧੁੰਮ ਮਚਾ ਰੱਖੀ ਸੀ ਪਰ ਜਗੀਰਦਾਰਾਂ ਤੇ ਧਨਾਢਾਂ ਦੇ ਸਾਧਨਾਂ ਦੇ ਮੁਕਾਬਲੇ ਦੋ ਕਸਬਿਆਂ, ਇਕ ਸ਼ਹਿਰ ਅਤੇ ਸੌ ਤੋਂ ਵੱਧ ਪਿੰਡਾਂ ਵਿਚ ਪਹੁੰਚ ਕਰਨਾ ਜ਼ੋਖਮ ਭਰਿਆ ਤੇ ਕਠਿਨ ਕਾਰਜ ਸੀ। ਭੋਲੇ ਭਾਲੇ, ਅਣਥੱਕ ਤੇ ਨਿਡਰ ਬਸਪਾ ਕਾਰਜਕਰਤਾ ਜੋ ਰਾਜਨੀਤਕ ਚਾਲਾਂ ਤੋਂ ਅਣਜਾਣ ਸਨ, ਮੇਰੀ ਧਰੋਹਰ ਸਨ। ਆਮ ਦਲਿਤ ਲੋਕ ਕਾਂਗਰਸ ਨੂੰ ਆਪਣੀ ਮਾਂ ਸਮਝਦੇ ਸਨ ਤੇ ਕਾਂਗਰਸ ਨਾਲੋਂ ਟੁੱਟਣਾ ਉਹਨਾਂ ਨੂੰ ਧਰਮ ਬਦਲੀ ਵਾਂਗ ਲੱਗਦਾ ਸੀ। 1985 ਦੀ ਚੋਣ ਦੌਰਾਨ ਤਾਂ ਹਲਕੇ ਦੇ ਆਖਰੀ ਪਿੰਡ ਗਿੱਲ ਦੇ ਦਲਿਤ ਸਾਡੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਸਨ ਸਗੋਂ ਬਸਪਾ ਕਾਰਜਕਰਤਾਵਾਂ ਨੂੰ ਉਹਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਦੇ ਹਾਲਤ ਬਹੁਤ ਸਾਰੇ ਪਿੰਡਾਂ ਵਿਚ ਸਨ। ਸ਼ਹਿਰੀ ਵੋਟਰ ਤਾਂ ਬਸਪਾ ਤੋਂ ਦੂਰੀ ਬਣਾ ਕੇ ਰੱਖਦਾ ਸੀ ਪਰ ਫਿਰ ਵੀ ਟਾਂਵੇਂ ਟਾਂਵੇਂ ਵਰਕਰ ਮੈਦਾਨ ਵਿੱਚ ਨਿੱਤਰ ਪਏ ਸਨ। ਏਸੇ ਤਰ੍ਹਾਂ ਮਾਸਟਰ ਓਮ ਪਰਕਾਸ਼ ਦੀ ਪ੍ਰੇਰਨਾ ਸਦਕਾ ਗਿੱਲ ਪਿੰਡ ਦੇ ਇਕ ਅਧਿਆਪਕ ਠਾਣਾ ਸਿੰਘ ਤੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਇਕ ਮੁਲਾਜ਼ਮ ਮੁਖਤਿਆਰ ਸਿੰਘ ਫੌਜੀ 1987 ਵਿਚ ਮੇਰੇ ਸੰਪਰਕ 'ਚ ਆਉਣ ਕਰਕੇ ਉਹ ਸਾਹਿਬ ਕਾਂਸ਼ੀ ਰਾਮ ਜੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਸਮਰੱਥਕ ਬਣ ਗਏ ਸਨ। ਇਉਂ ਇਹ ਗਿੱਲ ਪਿੰਡ ਹੁਣ ਬਸਪਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਿਆ ਸੀ। ਇਸ ਪਿੰਡ ਦਾ ਇਕ ਨੌਜੁਆਨ ਗੁਰਨਾਮ ਸਿੰਘ ਭੱਟੀ ਬਹੁਜਨ ਲਹਿਰ ਲਈ ਗੀਤ ਲਿਖਣ ਲੱਗ ਪਿਆ ਤੇ ਉਸੇ ਪਿੰਡ ਦਾ ਇਕ ਹੋਰ ਉਤਸ਼ਾਹੀ ਸਾਥੀ ਹਾਕਮ ਸਿੰਘ ਪੰਛੀ ਤੂੰਬੀ ਤੇ ਗੀਤ ਗਾ ਕੇ ਪਿੰਡ ਪਿੰਡ ਪਰਚਾਰ ਕਰਨ ਲੱਗ ਪਿਆ ਸੀ। ਇਸ ਚੋਣ ਦੌਰਾਨ ਗੁਰਨਾਮ ਸਿੰਘ ਭੱਟੀ ਨੇ ਇਕ ਗੀਤ ਲਿਖਿਆ-

ਕਾਂਗਰਸੇ ਤੈਨੂੰ ਰਹਿਣ ਦੇਣਾ  
ਤੂੰ ਐਵੇਂ ਨਾ ਜਾਣੀ।  
ਪੂਛ ਚੁਕਾ ਦੇਊਗਾ  
ਲਾਲ ਸਿੰਘ ਸੁਲਹਾਣੀ।

ਜੋ ਬਹੁਤ ਚਰਚਿਤ ਹੋਇਆ ਤੇ ਹਾਕਮ ਸਿੰਘ ਪੰਛੀ ਤੋਂ ਸਾਰੇ ਪਿੰਡਾਂ 'ਚ ਹਰ ਸਟੇਜ ਤੇ ਸੁਣਨ ਦੀ ਫਰਮਾਇਸ਼ ਕੀਤੀ ਜਾਂਦੀ। ਕਾਂਗਰਸੀ ਉਮੀਦਵਾਰ 1985 ਦੀ ਚੋਣ ਬਸਪਾ ਕਾਰਨ ਹਾਰ ਚੁੱਕਾ ਸੀ ਇਸ ਲਈ ਉਹ ਇਸ ਵਾਰ ਵੀ ਅੰਦਰੋ ਅੰਦਰੀ ਬਹੁਤ ਭੈ ਭੀਤ ਸੀ। ਫਿਰ ਵੀ ਉਹ ਸਰਕਾਰੀ ਤੰਤਰ ਸਹਾਰੇ ਜਿੱਤ ਲਈ ਆਸਵੰਦ ਸੀ। ਬਾਗੀ ਕਾਂਗਰਸੀ ਉਮੀਦਵਾਰ ਬੱਬਲ ਸੰਧੂ ਵੱਲੋਂ ਧਨ ਬਲ ਨਾਲ ਸਰਗਰਮ ਮੁਹਿੰਮ ਵਿੱਢੀ ਹੋਈ ਸੀ ਤੇ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਉਹਦੀ ਮੁਹਿੰਮ ਦੀਆਂ ਮੋਹਰੀ ਬਣੀਆਂ ਹੋਈਆਂ ਸਨ। ਉਹਦਾ ਚੋਣ ਨਿਸ਼ਾਨ ਚੜ੍ਹਦਾ ਸੂਰਜ ਸੀ। ਮੈਂ ਦਲਿਤ ਵਿਹੜਿਆਂ ਵਿੱਚ ਪਿੰਡ ਪਿੰਡ ਜਾਕੇ ਲੋਕਾਂ ਦੀ ਅਣਖ ਨੂੰ ਟੁੰਬਦਿਆਂ ਆਖਦਾ ਕਿ "ਜਿੰਨਾਂ ਚਿਰ ਧਨਾਢ ਜਗੀਰਦਾਰਾਂ ਦੇ ਸੂਰਜ ਚੜ੍ਹਦੇ ਰਹਿਣਗੇ ਉਨ੍ਹਾਂ ਚਿਰ ਤੁਹਾਡੇ ਢਾਰਿਆਂ, ਤੁਹਾਡੇ ਕੱਚੇ ਘਰਾਂ ਵਿਚ ਹਨੇਰਾ ਪਸਰਿਆ ਰਹੇਗਾ। ਤੁਸੀਂ ਆਪਣੇ ਦੀਪ ਆਪ ਬਣੋ। ਧਨਾਢਾਂ ਦੇ ਨੋਟ ਠੁਕਰਾ ਕੇ ਵੋਟ ਤੰਤਰ ਵਿਚ ਆਪਣੇ ਵੋਟਾਂ ਨਾਲ ਆਪ ਹੁਕਮਰਾਨ ਬਣੋ। ਆਪਣੀ ਵੋਟ ਦੀ ਤਾਕਤ ਪਛਾਣੋ।"

ਮੇਰੇ ਜੋਸ਼ੀਲੇ ਭਾਸ਼ਣਾਂ ਨਾਲ ਪਿੰਡਾਂ ਦੇ ਕੁਝ ਉਤਸ਼ਾਹੀ ਨੌਜੁਆਨ ਸਾਡੀ ਲਹਿਰ ਦਾ ਅੰਗ ਬਣਨ ਲੱਗੇ। ਚੋਣ ਵਾਲੇ ਦਿਨ ਪੋਲਿੰਗ ਬੂਥਾਂ ਤੇ ਕੇਂਦਰੀ ਸੁਰਖਿਆ ਦਸਤੇ ਤੈਨਾਤ ਸਨ ਪਰ ਦਹਿਸ਼ਤਜ਼ਦਾ ਮਹੌਲ ਵਿਚ ਟਾਂਵੇਂ ਟਾਂਵੇਂ ਲੋਕ ਨਿਡਰ ਹੋਕੇ ਵੋਟ ਪਾਉਣ ਲਈ ਬਾਹਰ ਨਿਕਲਦੇ ਸਨ। ਵਿਰੋਧੀ ਉਮੀਦਵਾਰਾਂ ਨੇ ਆਪਣੇ ਸਾਧਨਾਂ ਨਾਲ ਖਾਲੀ ਬੂਥਾਂ ਤੇ ਕਬਜ਼ਾ ਕਰਕੇ ਜਿੱਥੇ ਦਾਅ ਲੱਗਿਆ ਆਪਣੇ ਹੱਕ 'ਚ ਠੱਪੇ ਲਾ ਲਏ। ਕੋਈ ਅਧਿਕਾਰੀ ਸੁਰਖਿਆ ਕਰਮੀ ਰੋਕਣ ਟੋਕਣ ਵਾਲਾ ਨਹੀਂ ਸੀ ਸਗੋਂ ਚੋਣ ਕਮਿਸ਼ਨ ਤਾਂ ਹਰ ਹਾਲਤ ਵਿਚ ਪੰਜਾਬ ਅੰਦਰ ਵਧ ਤੋਂ ਵਧ ਪੋਲਿੰਗ ਫੀ ਸਦੀ ਦਰਸਾਉਣ ਲਈ ਅੰਦਰੋ ਅੰਦਰੀ ਇਸ ਰੁਝਾਨ ਨੂੰ ਉਤਸ਼ਾਹਿਤ ਕਰ ਰਿਹਾ ਸੀ। ਪਰ ਬਾਈਕਾਟ ਦਾ ਬਹੁਤ ਵੱਡਾ ਅਸਰ ਸੀ। ਐਸੇ ਦੌਰ ਵਿਚ ਵੀ ਨਿਡਰ ਬਸਪਾ ਵਰਕਰ ਬੁਲੰਦ ਹੌਸਲੇ ਨਾਲ ਕਈ ਪਿੰਡਾਂ ਵਿਚ ਬੂਥਾਂ ਤੇ ਡਟੇ ਰਹੇ। ਇਥੋਂ ਤੱਕ ਕਿ ਤਲਵੰਡੀ ਭਾਈ ਦੇ ਇਕ ਪੋਲਿੰਗ ਬੂਥ ਤੇ ਸਕੂਲ ਪੜ੍ਹਦੀ ਇਕ ਲੜਕੀ ਸੁਨੀਤਾ ਰਾਣੀ ਨਿਰਭੈਤਾ ਨਾਲ ਡਟੀ ਹੋਈ ਸੀ। ਸ਼ੇਰ ਖਾਂ ਵਰਗੇ ਨਾਜਕ ਪੋਲਿੰਗ ਬੂਥਾਂ ਤੇ ਬਸਪਾ ਵਰਕਰ ਮੁਸਤੈਦੀ ਨਾਲ ਆਪਣਾ ਫਰਜ਼ ਨਿਭਾ ਰਹੇ ਸਨ। ਬੱਬਲ ਸੰਧੂ ਦੇ ਜੱਦੀ ਪਿੰਡ ਚ ਬਸਪਾ ਦਾ ਪੋਲਿੰਗ ਬੂਥ ਲੱਗਣਾ ਚਮਤਕਾਰ ਤੋਂ ਘੱਟ ਨਹੀਂ ਸੀ। ਇਸ ਖੌਫ਼ਜ਼ਦਾ ਫਿਜ਼ਾ ਵਿਚ ਮੈਦਾਨ-ਇ-ਜੰਗ ਡਟੇ ਰਹਿਣਾ ਹੀ ਸਾਡੇ ਲਈ ਵੱਡੀ ਜਿੱਤ ਸੀ। ਆਪਣੇ ਹੱਥ ਕੰਡੇ ਵਰਤਕੇ ਅਕਾਲੀ ਧਿਰਾਂ ਦਾ ਆਜ਼ਾਦ ਉਮੀਦਵਾਰ ਬੱਬਲ ਸੰਧੂ ਮੈਦਾਨ ਮਾਰ ਗਿਆ ਪਰ ਬਸਪਾ ਕਾਰਨ ਕਾਂਗਰਸੀ ਉਮੀਦਵਾਰ ਸਿਰਫ 1546 ਵੋਟਾਂ ਦੇ ਫ਼ਰਕ ਨਾਲ ਐਸਾ ਲੁੜਕਿਆ ਕਿ ਉਹ ਹਮੇਸ਼ਾ ਲਈ ਰਾਜਸੀ ਰੰਗਮੰਚ ਤੋਂ ਹੀ ਅਲੋਪ ਹੋ ਗਿਆ।

ਦੂਜੇ ਪਾਸੇ ਫਿਰੋਜ਼ਪੁਰ ਸ਼ਹਿਰ ਸੀਟ ਤੋਂ ਬਸਪਾ ਦੇ ਉਮੀਦਵਾਰ ਮੁਖਤਿਆਰ ਸਿੰਘ ਕੰਬੋਜ ਨੂੰ ਕੁੱਝ ਸੈਂਕੜੇ ਵੋਟਾਂ ਨਾਲ ਜਿੱਤਦੇ ਜਿੱਤਦੇ ਨੂੰ ਅੰਕੜਿਆਂ ਦੇ ਹੇਰ ਫੇਰ ਨਾਲ ਉਲਟਾ 355 ਵੋਟਾਂ ਦੇ ਫ਼ਰਕ ਨਾਲ ਹਾਰਿਆ ਹੋਇਆ ਐਲਾਨ ਕਰ ਦਿੱਤਾ ਗਿਆ ਤੇ ਪੰਡਤ ਬਾਲ ਮੁਕੰਦ ਸ਼ਰਮਾ ਕਾਂਗਰਸੀ

(ਬਾਕੀ ਅਗਲੇ ਸਫੇ 'ਤੇ)

# ਪਿੰਡਾਂ ਦੇ ਲੋਕ ਸ਼ਹਿਰਾਂ ਦੇ ਮੁਕਾਬਲੇ ਸਿੱਖਣ ਵਿੱਚ ਜ਼ਿਆਦਾ ਸਮਾਂ ਬਿਤਾ ਰਹੇ ਹਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਹਾਲ ਹੀ ਵਿੱਚ ਹੋਏ ਇੱਕ ਦੇਸ਼ ਵਿਆਪੀ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪਿੰਡਾਂ ਦੇ ਲੋਕ ਸ਼ਹਿਰਾਂ ਦੇ ਮੁਕਾਬਲੇ ਸਿੱਖਣ 'ਤੇ ਜ਼ਿਆਦਾ ਸਮਾਂ ਬਿਤਾ ਰਹੇ ਹਨ। ਸਾਲ 2024 ਵਿੱਚ, ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੇ ਸ਼ਹਿਰੀ ਖੇਤਰਾਂ ਵਿੱਚ ਰਹਿਣ ਵਾਲਿਆਂ ਨਾਲੋਂ ਸਿੱਖਣ ਦੀਆਂ ਗਤੀਵਿਧੀਆਂ ਯਾਨੀ ਸਮੇਂ ਦੀ ਵਰਤੋਂ ਵਿੱਚ ਜ਼ਿਆਦਾ ਸਮਾਂ ਬਿਤਾਇਆ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਕੀਤੇ ਗਏ ਇੱਕ ਸਰਵੇਖਣ ਵਿੱਚ, ਲੋਕ ਵੱਖ-ਵੱਖ ਰੋਜ਼ਾਨਾ ਗਤੀਵਿਧੀਆਂ ਲਈ ਆਪਣਾ ਸਮਾਂ ਕਿਵੇਂ ਨਿਰਧਾਰਤ ਕਰਦੇ ਹਨ, ਮੰਤਰਾਲੇ ਨੇ ਸਿੱਖਣ ਦੀ ਗਤੀਵਿਧੀ ਨੂੰ ਰਸਮੀ ਸਿੱਖਿਆ 'ਤੇ ਬਿਤਾਏ ਸਮੇਂ ਵਜੋਂ ਪਰਿਭਾਸ਼ਿਤ ਕੀਤਾ ਹੈ।

ਇਸ ਵਿੱਚ ਸਕੂਲ/ਯੂਨੀਵਰਸਿਟੀ ਵਿੱਚ ਹਾਜ਼ਰੀ, ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ, ਘਰ ਦਾ ਕੰਮ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਇਸ ਵਿੱਚ ਸਿੱਖਣ ਨਾਲ ਸਬੰਧਤ ਯਾਤਰਾ ਦਾ ਸਮਾਂ ਵੀ ਸ਼ਾਮਲ ਹੈ। ਪਹਿਲਾ ਟਾਈਮ ਯੂਜ਼ ਸਰਵੇਖਣ (ਟੀਯੂਐਸ) ਮੰਤਰਾਲੇ ਦੁਆਰਾ ਜਨਵਰੀ ਅਤੇ ਦਸੰਬਰ, 2019 ਦੌਰਾਨ ਕੀਤਾ ਗਿਆ ਸੀ, ਜਦੋਂ ਕਿ ਦੂਜਾ ਸਰਵੇਖਣ ਜਨਵਰੀ-ਦਸੰਬਰ 2024 ਦੇ ਵਿਚਕਾਰ ਕੀਤਾ ਜਾਵੇਗਾ। ਇਸਨੇ ਛੇ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਸਮੇਂ ਦੀ ਵਰਤੋਂ ਦੀ ਜਾਣਕਾਰੀ ਇਕੱਠੀ ਕੀਤੀ। ਸਰਵੇਖਣ ਦੇ ਦੂਜੇ ਐਡੀਸ਼ਨ ਤੋਂ ਪਤਾ ਲੱਗਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ, ਔਰਤਾਂ ਨੇ ਮਰਦਾਂ ਦੇ ਨਾਲ ਸਿੱਖਣ ਦੀਆਂ ਗਤੀਵਿਧੀਆਂ 'ਤੇ ਬਿਤਾਉਣ ਵਾਲੇ ਸਮੇਂ ਦੇ ਪਾੜੇ ਨੂੰ ਘਟਾ ਦਿੱਤਾ ਹੈ। ਪਿਛਲੇ ਪੰਜ ਸਾਲਾਂ ਵਿੱਚ ਜਿੱਥੇ ਔਰਤਾਂ ਨੇ ਸਿੱਖਣ 'ਤੇ 84 ਮਿੰਟ ਬਿਤਾਏ, ਉੱਥੇ ਹੀ ਪੁਰਸ਼ਾਂ ਦੁਆਰਾ ਬਿਤਾਇਆ ਗਿਆ ਸਮਾਂ 102 ਮਿੰਟ ਤੋਂ ਘੱਟ ਕੇ 94 ਮਿੰਟ ਰਹਿ ਗਿਆ।

ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ 2019 ਦੇ ਮੁਕਾਬਲੇ 2024 ਵਿੱਚ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਸਿੱਖਣ ਦੀਆਂ ਗਤੀਵਿਧੀਆਂ 'ਤੇ ਬਿਤਾਇਆ ਸਮਾਂ ਘੱਟ ਗਿਆ। ਸਰਵੇਖਣ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਾਲ 2024 ਵਿੱਚ, ਸ਼ਹਿਰੀ ਖੇਤਰਾਂ ਦੇ ਲੋਕਾਂ ਨੇ ਸਿੱਖਣ 'ਤੇ ਪ੍ਰਤੀ ਦਿਨ 87 ਮਿੰਟ ਬਿਤਾਏ, ਜਦੋਂ ਕਿ 2019 ਵਿੱਚ ਉਨ੍ਹਾਂ ਨੇ 95 ਮਿੰਟ ਬਿਤਾਏ। ਇਸੇ ਤਰ੍ਹਾਂ, ਪੇਂਡੂ ਖੇਤਰਾਂ ਦੇ ਲੋਕਾਂ ਨੇ 2024 ਵਿੱਚ ਔਸਤਨ 90 ਮਿੰਟ ਰੋਜ਼ਾਨਾ ਸਿੱਖਣ 'ਤੇ ਬਿਤਾਏ, ਜੋ ਕਿ 2019 ਵਿੱਚ 92 ਮਿੰਟ ਸਨ।

# ਫਿਲਮਾਂ 'ਤੇ ਵੱਖ-ਵੱਖ ਜ਼ਿੰਮੇਵਾਰੀਆਂ

ਹੁਣ ਤੱਕ ਸਭ ਕੁਝ ਦੱਸਣ ਦੀ ਜ਼ਿੰਮੇਵਾਰੀ ਵੇਦਾਂ, ਪੁਰਾਣਾਂ ਅਤੇ ਸ਼ਾਸਤਰਾਂ ਦੀ ਸੀ। ਸਾਰਾ ਗਿਆਨ ਉੱਥੇ ਸੀ। ਭਾਵੇਂ ਇਹ ਵਿਗਿਆਨ, ਗਣਿਤ, ਜੋਤਿਸ਼ ਜਾਂ ਇੱਥੋਂ ਤੱਕ ਕਿ ਰੀਤੀ-ਰਿਵਾਜਾਂ ਬਾਰੇ ਹੋਵੇ। ਸਾਨੂੰ ਦੱਸਿਆ ਗਿਆ ਸੀ ਕਿ ਸਭ ਕੁਝ ਸਾਡੇ ਸ਼ਾਸਤਰਾਂ ਵਿੱਚ ਹੈ। ਖੈਰ, ਉੱਥੇ ਸੱਭਿਅਤਾ ਅਤੇ ਸੱਭਿਆਚਾਰ ਭਰਪੂਰ ਸੀ। ਫਿਰ ਇਤਿਹਾਸ ਦੱਸਣ ਦੀ ਜ਼ਿੰਮੇਵਾਰੀ ਵੀ ਉਸ 'ਤੇ ਪਾ ਦਿੱਤੀ ਗਈ। ਇਹ ਸਾਰੇ ਧਰਮ ਗ੍ਰੰਥਾਂ ਵਿੱਚ ਲਿਖਿਆ ਹੋਇਆ ਹੈ। ਪਰ ਹੁਣ ਇਤਿਹਾਸ ਦੱਸਣ ਦੀ ਜ਼ਿੰਮੇਵਾਰੀ ਵੀ ਫਿਲਮਾਂ 'ਤੇ ਆ ਗਈ ਹੈ।

ਪਿਛਲੇ ਕੁਝ ਦਿਨਾਂ ਤੋਂ ਦੇਸ਼ ਭਗਤੀ ਦਾ ਸਬਕ ਸਿਖਾਉਣ ਦੀ ਜ਼ਿੰਮੇਵਾਰੀ ਵੀ ਉਸ 'ਤੇ ਹੈ। ਕੰਮ ਦੇ ਬੋਝ ਦੇ ਮਾਮਲੇ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਫਿਲਮਾਂ 'ਤੇ ਜ਼ਿੰਮੇਵਾਰੀਆਂ ਬਹੁਤ ਵੱਧ ਗਈਆਂ ਹਨ। ਇਹ ਢੁਕਵਾਂ ਹੈ ਕਿ ਵਟਸਐਪ ਵੀ ਇਸ ਜ਼ਿੰਮੇਵਾਰੀ ਦਾ ਕੁਝ ਹਿੱਸਾ ਸਾਂਝਾ ਕਰਦਾ ਹੈ। ਬਹੁਤ ਸਾਰੇ ਲੋਕ ਇਸਨੂੰ ਵਟਸਐਪ ਯੂਨੀਵਰਸਿਟੀ ਕਹਿੰਦੇ ਹਨ। ਇਸ ਪੱਖੋਂ, ਫਿਲਮਾਂ ਨੂੰ ਵੀ ਹੁਣ ਯੂਨੀਵਰਸਿਟੀ ਦਾ ਦਰਜਾ ਮਿਲਣਾ ਚਾਹੀਦਾ ਹੈ। ਇੱਕ ਸਮਾਂ ਸੀ ਜਦੋਂ ਫਿਲਮਾਂ ਪਿਆਰ ਦੇ ਸਬਕ ਸਿਖਾਉਣ ਲਈ ਜ਼ਿੰਮੇਵਾਰ ਹੁੰਦੀਆਂ ਸਨ। ਆਖ਼ਿਰਕਾਰ, ਫਿਲਮੀ ਗੀਤ ਪਿਆਰ ਅਤੇ ਰੋਮਾਂਸ ਦੀਆਂ ਕੁੰਜੀਆਂ ਸਨ। ਫਿਰ ਫਿਲਮਾਂ ਵਿੱਚ ਅਪਰਾਧ ਵਿਗਿਆਨ ਪੜ੍ਹਾਇਆ ਜਾਣ ਲੱਗਾ। ਫਿਲਮਾਂ ਨੇ ਸਾਨੂੰ ਦੱਸਿਆ ਕਿ ਅਪਰਾਧੀ ਕਿੰਨੇ ਤਰ੍ਹਾਂ ਦੇ ਹੋ ਸਕਦੇ ਹਨ। ਪਰ ਹੁਣ ਇਤਿਹਾਸ ਪੜ੍ਹਾਉਣ ਦੀ ਜ਼ਿੰਮੇਵਾਰੀ ਫਿਲਮਾਂ 'ਤੇ ਆ ਗਈ ਹੈ। ਕੁਝ ਲੋਕ ਇਸਨੂੰ ਵਟਸਐਪ ਨਾਲ ਮੁਕਾਬਲਾ ਕਰਨ ਦਾ ਉੱਦਮ ਵੀ ਸਮਝ ਸਕਦੇ ਹਨ।

ਹਾਲਾਂਕਿ, ਇਸਨੂੰ ਇੱਕ ਸਹਿਯੋਗੀ ਸੰਸਥਾ ਵਜੋਂ ਵਿਚਾਰਨਾ ਬਿਹਤਰ ਹੋਵੇਗਾ। ਜਿਵੇਂ ਵੱਡੇ ਉਦਯੋਗਾਂ ਲਈ ਸਬਸਿਡੀਆਂ ਹਨ। ਇਸੇ ਤਰ੍ਹਾਂ, ਇਤਿਹਾਸ 'ਤੇ ਫਿਲਮਾਂ ਪਹਿਲਾਂ ਵੀ ਬਣੀਆਂ ਸਨ ਅਤੇ ਉਹ ਵੱਡੀ ਗਿਣਤੀ ਵਿੱਚ ਬਣੀਆਂ ਸਨ। ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਬਣੀਆਂ ਜ਼ਿਆਦਾਤਰ ਫਿਲਮਾਂ ਇਤਿਹਾਸ ਨਾਲ ਸਬੰਧਤ ਸਨ। ਕਿਤੇ ਮੁਗਲ-ਏ-ਆਜ਼ਮ ਬਣ ਰਿਹਾ ਸੀ, ਕਿਤੇ ਤਾਜ ਮਹਿਲ ਬਣ ਰਿਹਾ ਸੀ, ਕਿਤੇ ਲਾਲ ਕਿਲ੍ਹਾ ਬਣ ਰਿਹਾ ਸੀ, ਕਿਤੇ ਸਿਕੰਦਰ ਬਣ ਰਿਹਾ ਸੀ। ਕਿਤੇ ਆਲਮ ਆਰਾ ਬਣ ਰਿਹਾ ਸੀ, ਕਿਤੇ ਹਲਾਕੂ ਬਣ ਰਿਹਾ ਸੀ। ਇਸਦਾ ਮਤਲਬ ਹੈ ਕਿ ਇਤਿਹਾਸ 'ਤੇ ਅਣਗਿਣਤ ਫਿਲਮਾਂ ਬਣਾਈਆਂ ਗਈਆਂ। ਪਰ ਕਿਸੇ ਨੇ ਵੀ ਉਨ੍ਹਾਂ ਫਿਲਮਾਂ ਦੇ ਇਤਿਹਾਸ ਨੂੰ ਇਤਿਹਾਸ ਨਹੀਂ ਮੰਨਿਆ।

ਕੁਝ ਲੋਕਾਂ ਨੇ ਇਸਨੂੰ ਇੱਕ ਪ੍ਰੇਮ ਕਹਾਣੀ ਮੰਨਿਆ ਜਦੋਂ ਕਿ ਕੁਝ ਲੋਕਾਂ ਨੇ ਇਸਨੂੰ ਇੱਕ ਚੰਗੀ ਕਹਾਣੀ ਸੁਣਾਉਣ ਵਾਲੀ ਗੱਲ ਮੰਨੀ। ਕੁੱਲ ਮਿਲਾ ਕੇ, ਉਹ ਮਨੋਰੰਜਨ ਦਾ ਇੱਕ ਸਾਧਨ ਬਣੇ ਰਹੇ। ਇਹ ਇਤਿਹਾਸ ਦਾ ਬਦਲ ਨਹੀਂ ਬਣਿਆ। ਪਰ ਇੱਥੇ ਉਨ੍ਹਾਂ ਨੂੰ ਇਤਿਹਾਸ ਦੇ ਵਿਕਲਪ ਵਜੋਂ ਸਵੀਕਾਰ ਕੀਤਾ ਗਿਆ ਹੈ, ਅਜਿਹਾ ਬਣਾਇਆ ਗਿਆ ਹੈ। ਹੁਣ ਇਤਿਹਾਸ 'ਤੇ ਬਣੀਆਂ ਫਿਲਮਾਂ ਨੂੰ ਇਤਿਹਾਸ ਦੇ ਮਾਮਲਿਆਂ ਵਿੱਚ ਧਰਮ ਗ੍ਰੰਥਾਂ ਦੇ ਬਰਾਬਰ ਦਰਜਾ ਮਿਲ ਰਿਹਾ ਹੈ।

ਹਾਲਾਂਕਿ, ਵਾਟਸਐਪ ਨੂੰ ਇਹ ਸਟੇਟਸ ਪਹਿਲਾਂ ਹੀ ਮਿਲ ਚੁੱਕਾ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਸੀ ਕਿ ਸਭ ਕੁਝ ਸ਼ਾਸਤਰਾਂ ਵਿੱਚ ਲਿਖਿਆ ਹੋਇਆ ਹੈ। ਇਸੇ ਤਰ੍ਹਾਂ, ਹੁਣ ਇਤਿਹਾਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਜਾਂ ਉਸ ਫਿਲਮ ਨੇ ਇਸਨੂੰ ਇਸ ਤਰ੍ਹਾਂ ਦਿਖਾਇਆ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਇਹ ਵਟਸਐਪ ਵਿੱਚ ਆਇਆ ਸੀ।

**- ਵਿਜੈ ਗਰਗ**

# ਨਜ਼ਰ ਲੱਗਣਾ ਅਤੇ ਬਚਾਅ ਦੇ ਘਰੇਲੂ ਤਰੀਕੇ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਮੰਨਤਾਂ, ਮਨੌਤਾਂ ਵਿਗਿਆਨਕ ਜਾਂ ਤਰਕਵਾਦੀ ਨਜ਼ਰੀਏ ਤੋਂ ਨਹੀਂ, ਬਲਕਿ ਮਨੋਵਿਗਿਆਨਕ ਤੌਰ ਤੇ ਦਿਲਾਂ ਵਿੱਚ ਘਰ ਕਰ ਕੇ ਪੱਕੀਆਂ ਜੁੜੀਆਂ ਹੋਈਆਂ ਹਨ। ਚਾਹੇ ਇਹਨਾਂ ਦਾ ਪਿਛੋਕੜ ਕੁਝ ਵੀ ਹੋਵੇ, ਪਰ ਰਿਸ਼ਤਿਆਂ ਵਿੱਚ ਪਾਕੀਜ਼ਗੀ ਦੀ ਸਮਾਜੀ ਜ਼ਿੰਦਗੀ ਵਿੱਚ ਤਰਕਵਾਦੀ ਅਤੇ ਵਿਗਿਆਨਕ ਨਜ਼ਰੀਆ ਹੋਣ ਦੇ ਬਾਵਜੂਦ ਵੀ ਲੋਕ ਇਹਨਾਂ ਉਪਰ ਵਿਸਵਾਸ਼ ਕਰਦੇ ਹਨ। ਕੁਝ ਵੀ ਹੋਵੇ ਇਹ ਸਾਡੇ ਵਿਵਹਾਰਿਕ ਅਤੇ ਸਮਾਜਿਕ ਜੀਵਨਸ਼ੈਲੀ ਦਾ ਅਟੁੱਟ ਅੰਗ ਬਣ ਗਈਆਂ ਹਨ। ਇਹਨਾਂ ਵਿਚੋਂ ਇੱਕ ਦਾ ਜ਼ਿਕਰ ਕਰ ਰਿਹਾਂ ਹਾਂ; 'ਨਜ਼ਰ ਲੱਗ ਜਾਣਾ'।

ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਵਿਚਰਦਿਆਂ ਇਨਸਾਨ ਨਿੱਕੀਆਂ ਮੋਟੀਆਂ ਮਰਜਾਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ ਤਾਂ ਘਰ ਬਜ਼ੁਰਗ ਪੀੜਤ ਮੈਂਬਰ ਨੂੰ ਨਜ਼ਰ ਲੱਗ ਜਾਣ ਦੀ ਪੁਸ਼ਟੀ ਨਾਲ ਬੰਨ ਦਿੰਦੇ ਹਨ ਅਤੇ ਇਸਦਾ ਪੀੜ੍ਹੀ ਦਰ ਪੀੜ੍ਹੀ ਚੱਲਣ ਵਾਲੇ ਇਲਾਜ਼ ਦਾ ਸੁਝਾਅ ਦਿੰਦੇ ਹਨ। ਚਾਹੇ ਇਹ ਸਾਰਾ ਵਰਤਾਰਾ ਮਨੋਵਿਗਿਆਨ ਦਾ ਅਟੁੱਟ ਹਿੱਸਾ ਹੈ, ਪਰ ਰੂੜੀਵਾਦੀ ਵਿਚਾਰਾਂ ਦਾ ਪ੍ਰਭਾਵ ਅਜਿਹੇ ਇਲਾਜ਼ ਮੰਨਣ ਲਈ ਮਜਬੂਰ ਕਰ ਦਿੰਦਾ ਹੈ। 'ਨਜ਼ਰ ਲੱਗਣ' ਦੇ ਵਿਸ਼ਵਾਸ ਤੋਂ ਇਲਾਜ ਲਈ ਬਜ਼ੁਰਗ ਪੀੜਤ ਵਿਅਕਤੀ ਦੇ ਸਿਰ ਤੋਂ ਸੱਤ ਮਿਰਚਾਂ ਵਾਰ ਕੇ ਚੁੱਲ੍ਹੇ ਦੀ ਬਲਦੀ ਅੱਗ ਵਿੱਚ ਸੁੱਟਣ ਦੀ ਨਸੀਹਤ ਦਿੰਦੇ ਹਨ। ਜੇਕਰ ਮਿਰਚਾਂ ਕੁੜੱਤਣ ਭਰੀਆਂ ਹੋਣ ਤਾਂ ਅੱਗ ਵਿੱਚ ਸੜ ਕੇ ਸੁਗੰਧ ਦੇਸੀ ਭਾਸ਼ਾ ਵਿੱਚ ਧੌਸ ਨੱਕ ਨੂੰ ਚੜੇ ਤਾਂ ਨਜ਼ਰ ਮੁਕਤ ਹੈ, ਅਗਰ ਮਿਰਚਾਂ ਕੁੜੱਤਣ ਭਰੀਆਂ ਨਾ ਹੋਣ ਅਤੇ ਸੁਗੰਧ ਨਾ ਫੈਲੇ ਤਾਂ ਨਜ਼ਰ ਲੱਗੀ ਹੋਣ ਦਾ ਵਿਸ਼ਵਾਸ ਜਤਾਇਆ ਅਤੇ ਅਹਿਸਾਸ ਕਰਾਇਆ ਜਾਂਦਾ ਹੈ। ਇਸੇ ਹੋਰ ਵੀ ਬਹੁਤ ਦੇਸੀ ਤਰੀਕੇ ਦੇ ਹੜ ਪੋਹੜ ਕੀਤੇ ਜਾਂਦੇ ਹਨ।

ਫਟਕੜੀ ਨੂੰ ਪੀੜਤ ਦੇ ਸਿਰ ਤੋਂ ਸੱਤ ਵਾਰ ਘੁਮਾ ਕੇ ਚੁੱਲ੍ਹੇ ਦੀ ਬਲਦੀ ਅੱਗ ਜਾਂ ਗਰਮ ਤਵੇ ਉੱਪਰ ਭੁੰਨਿਆ ਜਾਂਦਾ ਹੈ ਅਤੇ ਖਿੱਲ ਬਣ ਜਾਣ ਜੁੱਤੀ ਨਾਲ ਕੁੱਟਿਆ ਜਾਂਦਾ ਹੈ। ਇਸ ਤੋਂ ਇਲਾਵਾ ਲੱਗੀ ਨਜ਼ਰ ਹਟਾਉਣ ਲਈ ਨੈਸ ਜਾਂ ਭੈੜੀ ਨਜ਼ਰ ਸਮਝੇ ਜਾਂਦੇ ਵਿਅਕਤੀ ਦੇ ਪੈਰਾਂ ਦੀ ਮਿੱਟੀ ਬਲਦੀ ਅੱਗ ਚ ਸੁੱਟਣਾ, ਧਰਤੀ ਉੱਪਰ ਨਜ਼ਰ ਲਗਾਉਣ ਵਾਲੇ ਵਿਅਕਤੀ ਦਾ ਦਾ ਬੁੱਤ ਵਾਹ ਕੇ ਸਿਰ ਚ ਸੱਤ ਜੁੱਤੀਆਂ ਮਾਰਨੀਆਂ, ਚਾਹ ਪੱਤੀ ਜਾਂ ਨਮਕ ਨੂੰ ਪੀੜਤ ਵਿਅਕਤੀ ਦੇ ਸਿਰ ਤੋਂ ਸੱਤ ਵਾਰ ਕੇ ਅੱਗ ਸੁੱਟਣਾ ਜਾਂ ਪਾਣੀ ਵਿੱਚ ਰੋੜ੍ਹ ਦਿੱਤਾ ਜਾਂਦਾ ਹੈ ਜਾਂ ਗਲ ਵਿਚ ਨਜ਼ਰ ਬੱਟੂ ਬਣਾ ਕੇ ਪਾਇਆ ਜਾਂਦਾ ਹੈ, ਕਿਸੇ ਡੇਰੇ ਦੇ ਸਾਧ ਜਾਂ ਪੰਡਿਤ ਤੋਂ ਫਾਂਡਾ ਵੀ ਕਰਵਾਇਆ ਜਾਂਦਾ ਹੈ।ਕਈ ਵਿਹੜੇ ਵਿੱਚ ਸਰੋਂ ਦਾ ਥੋੜਾ ਜਿਹਾ ਤੇਲ ਡੋਲ੍ਹ ਕੇ ਵਿਚ ਮੇਖ ਗੱਡ ਦੇਣਾ ਵੀ ਲੱਗੀ ਨਜ਼ਰ ਨੂੰ ਉਤਾਰਨ ਦਾ ਇੱਕ ਤਰੀਕਾ ਮੰਨਿਆ ਜਾਂਦਾ ਹੈ।ਇਸ ਤਰ੍ਹਾਂ ਲੱਗੀ ਨਜ਼ਰ ਹਟ ਜਾਣ।

ਭੈੜੀ ਨਜ਼ਰ ਤੋਂ ਬਚਣ ਲਈ ਘਰਾਂ ਦੇ ਬਨੇਰਿਆਂ ਉੱਤੇ ਕਾਲਾ ਪੇਂਟ ਕੀਤਾ ਮਿੱਟੀ ਦਾ ਛੋਟਾ ਘੜਾ ਮੂਧਾ ਮਾਰ ਦਿੱਤਾ ਜਾਂਦਾ ਹੈ ਜਾਂ ਕੋਠੀਆਂ ਦੀਆਂ ਗਰਿੱਲਾਂ ਤੇ ਲਾਲ ਜੀਭ ਬਾਹਰ ਕੱਢਿਆ ਕਾਲੇ ਰੰਗ ਦਾ ਲੱਗਿਆ ਭੂਤ ਚਿਹਰਾ ਤੁਸੀਂ ਆਮ ਦੇਖਿਆ ਹੋਵੇਗਾ। ਵ੍ਹੀਕਲਾਂ ਦੇ ਪਿੱਛੇ ਵੀ ਆਮ ਤੌਰ ਤੇ ਲਿਖਿਆ ਮਿਲਦਾ ਹੈ, ਜਿਵੇਂ;

ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ

ਇਹਨਾਂ ਸਭ ਤਰੀਕਿਆਂ ਨਾਲ ਸਮਾਜ ਚ ਫੈਲੇ ਨਜ਼ਰ ਲੱਗਣ ਦੇ ਅੰਧ ਵਿਸਵਾਸ ਵਿਚ ਸਮਾਜ ਰੂੜੀਵਾਦੀ ਲੋਕ ਅਜੋਕੇ ਵਿਗਿਆਨਕ ਯੁੱਗ ਵਿੱਚ ਵੀ ਧਸੇ ਪਏ ਹਨ। ਕੁਝ ਵੀ ਹੋਵੇ ਇਹ ਕਰਮਕਾਂਡ ਸਾਡੇ ਸਮਾਜ ਦੀਆਂ ਰਹੁ ਰੀਤਾਂ ਅਤੇ ਰਸਮਾਂ ਵਾਂਗ ਅਟੁੱਟ ਅੰਗ ਅਤੇ ਅਟੱਲ ਵਿਸ਼ਵਾਸ ਬਣ ਗਏ ਹਨ। ਗੀਤਾਂ ਵਿੱਚ ਵੀ ਇਹਦਾ ਜ਼ਿਕਰ ਸੁਣਨ ਨੂੰ ਮਿਲਦਾ ਹੈ:

ਗੋਰੇ ਰੰਗ ਨੂੰ ਤਵੀਤ ਕਰਾ ਦੇ
ਨਜ਼ਰਾਂ ਨੇ ਖਾ ਲਈ ਮਿੱਤਰਾ
ਲੈ ਵਾਰ ਕੇ ਮਿਰਚਾਂ ਸੁੱਟ ਦਿਆਂ ਲਾਣੇਦਾਰਨੀਏ
ਨਜ਼ਰ ਕਿਤੇ ਨਾ ਲੱਗ ਜਾਏ ਤੈਨੂੰ ਗੈਰਾਂ ਦੀ..

## ਕਾਵਿ-ਵਿਅੰਗ
## ਧਾਮੀ ਦੀ ਹਾਮੀ?

ਅਹੁਦਾ ਛੱਡਿਆ ਭਾਵੇਂ 'ਪ੍ਰਧਾਨਗੀ' ਦਾ
ਫਿਰ ਵੀ ਆਪਣਾ ਹੁਕਮ ਚਲਾਈ ਜਾਵੇ।

ਪਹਿਲੇ 'ਕਾਰੇ' ਨਹੀਂ ਪੰਥ ਨੇ ਮਾਫ ਕੀਤੇ
ਹਾਂਡੀ ਕਾਠ ਦੀ ਮੁੜ ਮੁੜ ਚੜ੍ਹਾਈ ਜਾਵੇ।

ਰੱਸੀ ਸੜ ਗਈ ਵੱਟ ਨਹੀਂ ਗਿਆ ਹਾਲੇ
ਤਖਤ ਸਾਹਿਬ ਦੇ ਨਾਲ ਟਕਰਾਈ ਜਾਵੇ।

ਦੋ ਦਸੰਬਰ ਨੂੰ 'ਖੰਡਾ ਜੋ ਖੜਕਿਆ' ਸੀ
ਹੁਕਮਨਾਮੇ ਦੇ ਅਰਥ 'ਉਲਟਾਈ' ਜਾਵੇ।

ਜਥੇਦਾਰ ਨੂੰ 'ਲਾਹੁਣ' ਦਾ ਭਾਰ ਦਿਲ 'ਤੇ
ਹੁਣ ਦੁਬਾਰਾ ਗੁਨਾਹ ਨਹੀਂ ਕਰਨ ਲੱਗੇ।

ਸਾਰਾ ਲਾਣਾ ਹੁਸ਼ਿਆਰ ਪੁਰ ਜਾਈ ਜਾਂਦਾ
ਧਾਮੀ ਸ੍ਹਾਬ ਪਰ ਹਾਮੀ ਨਹੀਂ ਭਰਨ ਲੱਗੇ।



- ਤਰਲੋਚਨ ਸਿੰਘ ਦੁਪਾਲ ਪੁਰ
91-78146-92724

## ਗੀਤ

ਉੱਡਦੇ ਨੇ ਪੱਤੇ ਧੂੜਾਂ ਦੀਆਂ ਹਨੇਰੀਆਂ
ਜਦੋਂ ਛੱਡੀਏ ਕਲੱਚ ਤਾਂ ਕਾਰ ਵਾਂਗੂੰ ਉੱਠਦਾ
ਚਾਲੀ ਲੱਖ ਲਾਇਆ ਤਾਜ਼ਾ ਤਾਜ਼ਾ ਜੱਟ ਨੇ
ਜਾਂਦਾ 'ਠਾਰਾਂ ਟਾਇਰਾ ਜੀਟੀ ਰੋਡ ਉਤੇ ਬੁੱਕਦਾ

ਅਸੀਂ ਦਿਨ ਰਾਤ ਮਿਹਨਤਾਂ ਨੇ ਕੀਤੀਆਂ
ਤਾਹੀਉਂ ਲੱਗੀਆਂ ਤਰੱਕੀ ਦੀਆਂ ਫੀਤੀਆਂ
ਹੱਥ ਮਿਹਰ ਵਾਲਾ ਰਿਹਾ ਸਿਰ ਬਾਬੇ ਦਾ
ਅਸੀਂ ਪੱਕੇ ਪੈਰੀਂ ਖੇਡੀਆਂ ਨੇ ਡੀਟੀਆਂ
ਪਿੱਛੇ 25 ਕਿੱਲਿਆਂ ਦੀ ਖੇਤੀ ਵੱਖਰੀ
ਨਹਿਰ ਵਾਲੇ ਪਾਣੀ ਦਾ ਨਹੀਂ ਕਦੇ ਖਾਲ ਟੁੱਟ ਦਾ
ਚਾਲੀ ਲੱਖ ਲਾਇਆ ਤਾਜ਼ਾ ਤਾਜ਼ਾ ਜੱਟ ਨੇ
ਜਾਂਦਾ'ਠਾਰਾਂ ਟਾਇਰਾ ਜੀਟੀ ਰੋਡ ਉਤੇ ਬੁੱਕਦਾ

ਮਾਲ ਜੰਮੂ ਤੋਂ ਹੈ ਕੰਨਿਆ ਕੁਮਾਰੀ ਦਾ
ਨਸ਼ਾ ਵੱਖਰਾ ਹੀ ਚੜੀ ਹੋਈ ਖੁਮਾਰੀ ਦਾ
ਡੇਢ ਸੌ ਤੇ ਸਪੀਡਾਂ ਪੈਲਾਂ ਪੈਂਦੀਆਂ
ਕਾਬੂ ਰੱਖਣਾ ਹੈ ਕੰਮ ਹੁਸ਼ਿਆਰੀ ਦਾ
ਜਾਂਦਾ ਨਾਲ ਦੀਆਂ ਗੱਡੀਆਂ ਨੂੰ ਕੱਟਦਾ
ਰੋਡ ਨਵਾਂ ਨਵਾਂ ਬਣਿਆ ਏ ਅਜੇ ਲੁੱਕ ਦਾ
ਲਾਇਆ ਚਾਲੀ ਲੱਖ ਤਾਜ਼ਾ ਤਾਜ਼ਾ ਜੱਟ ਨੇ
ਜਾਂਦਾ'ਠਾਰਾਂ ਟਾਇਰਾ ਜੀਟੀ ਰੋਡ ਉਤੇ ਬੁੱਕਦਾ

ਸਾਰੇ ਕਾਗਜ਼ਾਤ ਪੂਰੇ ਕੋਈ ਡਰ ਨਹੀਂ
ਸਾਨੂੰ ਡੀਟੀ ਕੋਈ ਸਕਦਾ ਫੜ ਨਹੀਂ
ਸਾਡੀ ਯਾਰੀ ਪੱਕੀ ਮੱਟੂ ਸਤਨਾਮ ਨਾਲ
ਜਿਹੜਾ ਕਦੇ ਫੌਕੀ ਮਾਰਦਾ ਕੋਈ ਫੜ ਨਹੀਂ
ਆਕੇ ਵਾਪਿਸ ਮੈਂ ਸਾਰੇ ਪਰਿਵਾਰ ਨਾਲ
ਮੱਥਾ ਟੇਕਣਾ ਆਨੰਦਪੁਰ ਸੁੱਖੀ ਸੁੱਖ ਦਾ
ਲਾਇਆ ਚਾਲੀ ਲੱਖ ਤਾਜ਼ਾ ਤਾਜ਼ਾ ਜੱਟ ਨੇ
ਜਾਂਦਾ 'ਠਾਰਾਂ ਟਾਇਰਾ ਜੀਟੀ ਰੋਡ ਉਤੇ ਬੁੱਕਦਾ

- ਇੰਜੀ. ਸਤਨਾਮ ਸਿੰਘ ਮੱਟੂ
9779708257

# ਸਾਹਿਬ ਕਾਂਸ਼ੀ ਰਾਮ ਦਾ ਚਮਤਕਾਰ

(ਸਫਾ 19 ਦੀ ਬਾਕੀ)

ਉਮੀਦਵਾਰ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਨਤੀਜਾ ਇਸ ਦੇ ਉਲਟ ਸੀ ਪਰ ਆਰ ਕਮ ਐਸ ਡੀ ਐਮ ਫਿਰੋਜ਼ਪੁਰ ਰਾਜਸੀ ਦਬਾਅ ਅਧੀਨ ਪੱਖਪਾਤੀ ਰੁੱਖ ਅਖਤਿਆਰ ਕਰ ਰਿਹਾ ਸੀ। ਇਸ ਤਰ੍ਹਾਂ ਦੀ ਧੱਕੇਸ਼ਾਹੀ ਤੇ ਧਾਂਧਲੀ ਪੰਜਾਬ ਵਿਚ ਕੇਂਦਰ ਸਰਕਾਰ ਦੀ ਸ਼ਹਿ ਤੇ ਹੋਰ ਕਈ ਹਲਕਿਆਂ ਵਿਚ ਕੀਤੇ ਜਾਣ ਦੀਆਂ ਖਬਰਾਂ ਨਸ਼ਰ ਹੋ ਰਹੀਆਂ ਸਨ। ਜਿਸ ਕਰਕੇ ਬਸਪਾ ਵਰਕਰ ਗੁੱਸੇ ਤੇ ਵਿਦਰੋਹ ਦੇ ਰੌਂਅ 'ਚ ਸਨ। ਜੋ ਭਾਰੀ ਗਿਣਤੀ ਵਿਚ ਡਿਪਟੀ ਕਮਿਸ਼ਨਰ ਦਫਤਰ ਵੱਲ ਪ੍ਰਦਰਸ਼ਨ ਕਰਨ ਲਈ ਵਧ ਰਹੇ ਸਨ। ਏਸੇ ਦੌਰਾਨ ਸਾਨੂੰ ਦੱਸਿਆ ਗਿਆ ਕਿ ਬਹੁਜਨ ਸਮਾਜ ਪਾਰਟੀ ਦਾ ਲੋਕ ਸਭਾ ਦਾ ਉਮੀਦਵਾਰ ਮੋਹਣ ਸਿੰਘ ਫ਼ਲੀਆਂ ਵਾਲਾ ਵੋਟਾਂ ਨਾਲ ਤਾਂ ਜਿੱਤ ਰਿਹਾ ਐ ਪਰ ਕਾਂਗਰਸ ਦੀ ਕੇਂਦਰੀ ਸਰਕਾਰ ਹਰ ਹੀਲੇ ਗੁਰਦਾਸਪੁਰ ਤੋਂ ਲਿਆਂਦੇ ਆਪਣੇ ਉਮੀਦਵਾਰ ਕਾਂਗਰਸ ਦੇ ਪ੍ਰਧਾਨ ਸੰਤੋਖ ਸਿੰਘ ਰੰਧਾਵਾ ਨੂੰ ਜੇਤੂ ਕਰਾਰ ਦੇਣ ਲਈ ਅੜੀ ਹੋਈ ਹੈ। ਇਹ ਸੁਣ ਕੇ ਬਸਪਾ ਕਾਰਜਕਰਤਾ ਹੋਰ ਭੜਕ ਪਏ। ਬਸਪਾ ਵਰਕਰਾਂ ਦਾ ਜੋਸ਼ ਉਬਾਲੇ ਮਾਰ ਰਿਹਾ ਸੀ। ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਬਰ ਤਿਆਰ ਸਨ। ਮੈਂ ਤੇ ਮੁਖਤਿਆਰ ਸਿੰਘ ਕੰਬੋਜ ਵਰਕਰਾਂ ਦੀ ਅਗਵਾਈ ਕਰ ਰਹੇ ਸਾਂ। ਵੱਡੀ ਭੀੜ ਵਲੋਂ ਸ਼ੇਰ ਸ਼ਾਹ ਵਲੀ ਵਾਲਾ ਮੇਨ ਚੌਕ ਜਾਮ ਕਰ ਦਿਤਾ ਗਿਆ। ਭਾਰੀ ਹਜ਼ੂਮ ਵਲੋਂ ਆਵਾਜਾਈ ਮੁਕੰਮਲ ਤੌਰ ਤੇ ਠੱਪ ਕਰ ਦਿੱਤੀ ਗਈ। ਪਲੋ ਪਲੀ ਲੋਕਾਂ ਦਾ ਵਿਦਰੋਹੀ ਇਕੱਠ ਵਧਦਾ ਜਾ ਰਿਹਾ ਸੀ। ਉੱਧਰ ਇਕ ਇਮਾਨਦਾਰ ਆਰ ਕਮ ਡਿਪਟੀ ਕਮਿਸ਼ਨਰ ਰਕੇਸ਼ ਕੁਮਾਰ ਆਈ ਏ ਐਸ ਕਿਸੇ ਰਾਜਨੀਤਿਕ ਦਬਾਅ ਹੇਠ ਆਕੇ ਗ਼ਲਤ ਨਤੀਜਾ ਐਲਾਨ ਕਰਨ ਤੋਂ ਇਨਕਾਰੀ ਹੋ ਖੜੋਤਾ। ਮੋਹਣ ਸਿੰਘ ਫ਼ਲੀਆਂ ਵਾਲਾ 150903 ਵੋਟਾਂ ਅਤੇ ਸੰਤੋਖ ਸਿੰਘ ਰੰਧਾਵਾ ਨੂੰ 149607 ਵੋਟਾਂ ਪਈਆਂ ਸਨ। ਇਸ ਤਰ੍ਹਾਂ ਬਸਪਾ ਉਮੀਦਵਾਰ ਨੂੰ 1296 ਵੋਟਾਂ ਨਾਲ ਜੇਤੂ ਕਰਾਰ ਦੇ ਦਿੱਤਾ ਗਿਆ। ਬੇਸ਼ੱਕ ਉਸ ਫਰਜ਼ਸ਼ਨਾਸ ਤੇ ਦਿਆਨਤਦਾਰ ਅਫ਼ਸਰ ਨੂੰ ਕੁੱਝ ਦਿਨਾਂ ਬਾਅਦ ਕਿਧਰੇ ਖੁੱਡੇ ਲਾਈਨ ਲਾ ਦਿੱਤਾ ਗਿਆ। ਪਰ ਬਦ-ਦਿਆਨਤ ਦਾਰੀ, ਭ੍ਰਿਸ਼ਟ ਤੇ ਲੁੱਟ ਖਸੁੱਟ ਵਾਲੇ ਦੌਰ ਵਿਚ ਵੀ ਉਹ "ਕੋਈ ਹਰਿਆ ਬੂਟਿ ਰਹਿ ਰੀ" ਦੀ ਖੂਬਸੂਰਤ ਮਿਸਾਲ ਕਾਇਮ ਕਰ ਗਿਆ।

ਸਾਹਿਬ ਕਾਂਸ਼ੀ ਰਾਮ ਜੀ ਦੇ ਚਮਤਕਾਰ ਸਦਕਾ ਸੰਸਦੀ ਇਤਿਹਾਸ ਵਿਚ ਰਾਜਨੀਤੀ ਤੋਂ ਬਿਲਕੁੱਲ ਕੋਰਾ ਇਕ ਸਧਾਰਨ ਪਰਵਾਰ ਦਾ ਦਲਿਤ ਰਾਏ ਸਿੱਖ ਨੌਜਵਾਨ ਖੱਬੀਖਾਨਾਂ ਨੂੰ ਚਿੱਤ ਕਰਕੇ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨ ਵਿਚ ਕਾਮਯਾਬ ਹੋ ਗਿਆ। ਧਰਮਕੋਟ ਰਿਜ਼ਰਵ ਸੀਟ ਤੋਂ ਗਰੀਬ ਪਰਵਾਰ ਦਾ ਇਕ ਅਲੂੰਆਂ ਚੋਬਰ ਬਲਦੇਵ ਸਿੰਘ ਭੱਟੀ ਕਾਲਜ ਚੋਂ ਨਿਕਲਦਿਆਂ ਵਿਧਾਇਕ ਬਣ ਗਿਆ। ਗਰੀਬ ਪਰਵਾਰਾਂ ਦੇ ਨੌਸਿੱਖੀਏ ਦੁਆਬੇ ਚੋਂ ਬਸਪਾ ਦੇ ਛੇ ਤੇ ਮਾਲਵੇ ਚੋਂ ਤਿੰਨ ਵਿਧਾਇਕ ਜਿੱਤ ਗਏ।

ਪਹਿਲੀ ਵਾਰ ਬਸਪਾ ਮੁੱਖ ਵਿਰੋਧੀ ਧਿਰ ਵਜੋਂ ਵਿਧਾਨ ਸਭਾ 'ਚ ਦਾਖਲ ਹੋਣ ਵਿਚ ਕਾਮਯਾਬ ਹੋਈ ਤਾਂ ਰਾਜਨੀਤਕ ਪੰਡਤਾਂ ਦੇ ਦੰਦ ਜੁੜ ਗਏ। ਬੇਸ਼ੱਕ ਬਸਪਾ ਦੀ ਚੜ੍ਹਤ ਰੋਕਣ ਲਈ ਕਾਂਗਰਸ ਪਾਰਟੀ ਨੇ ਆਤੰਕਵਾਦ ਦੀ ਆੜ ਵਿਚ ਦੋ ਦਰਜਨ ਤੋਂ ਵਧ ਬਸਪਾ ਕਾਰਕੁਨਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਸਾਜਸ਼ੀ ਵਿਉਂਤਬੰਦੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਜੇ ਨਿਰਪੱਖ ਤੇ ਆਜ਼ਾਦ ਚੋਣ ਹੁੰਦੀ ਤਾਂ ਪੰਜਾਬ ਦਾ ਚੋਣ ਨਤੀਜਾ ਹੋਰ ਹੋਣਾ ਸੀ ਅਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸਤ੍ਹਾ ਤੇ ਕਾਬਜ਼ ਹੁੰਦੀ।

### ਅੰਤਰ ਰਾਸ਼ਟਰੀ ਇਸਤਰੀ ਦਿਵਸ ’ਤੇ ਵਿਸ਼ੇਸ਼

# ਸਿੱਖ ਧਰਮ ਵਿਚ ਇਸਤਰੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਅੰਤਰ ਰਾਸ਼ਟਰੀ ਇਸਤ੍ਰੀ ਦਿਵਸ ਨੂੰ ਪਹਿਲਾਂ ਕੰਮਕਾਜ਼ੀ ਇਸਤ੍ਰੀ ਦਿਵਸ ਕਿਹਾ ਜਾਂਦਾ ਸੀ। ਇਹ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਸੰਸਾਰ ਦੇ ਵਿਭਿੰਨ ਖੇਤਰਾਂ ਵਿਚ ਇਸਤ੍ਰੀ ਪ੍ਰਤੀ ਸਨਮਾਨ, ਪ੍ਰਸੰਸਾ ਅਤੇ ਪਿਆਰ ਪ੍ਰਗਟਾਉਂਦੇ ਹੋਏ, ਇਹ ਦਿਨ ਇਕ ਤਿਉਹਾਰ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਇਹ ਇਸਤ੍ਰੀ ਅਧਿਕਾਰ ਦੀ ਲਹਿਰ ਦਾ ਕੇਂਦਰ ਬਿੰਦੂ ਹੈ।

ਅਮਰੀਕਾ ਦੀ ਸਮਾਜਵਾਦੀ ਪਾਰਟੀ ਵੱਲੋਂ 28 ਫਰਵਰੀ, 1909 ਨਿਊਯਾਰਕ ਵਿਚ ਇਸ ਦਿਵਸ ਦਾ ਆਯੋਜਨ ਕਰਨ ਤੋਂ ਬਾਅਦ 1910 ਵਿਚ ਅੰਤਰ ਰਾਸ਼ਟਰੀ ਸਮਾਜਵਾਦੀ ਇਸਤ੍ਰੀ ਇਜਲਾਸ ਵਿਚ ਪ੍ਰਸਤਾਵ ਰੱਖਿਆ ਗਿਆ ਕਿ ਇਕ ਵਿਸ਼ੇਸ਼ ਇਸਤ੍ਰੀ ਦਿਨ ਸਨਾਲਾ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਇਹ ਫਰਵਰੀ ਦੇ ਆਖਰੀ ਐਤਵਾਰ ਨੂੰ ਮਨਾਇਆ ਜਾਂਦਾ ਰਿਹਾ ਹੈ। ਹੁਣ 8 ਮਾਰਚ ਨੂੰ ਇਹ ਦਿਹਾੜਾ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ। ਇਸ ਦਿਹਾੜੇ ਦੀ ਅਹਿਮੀਅਤ ਹੈ ਕਿ ਨਾਗਰਿਕ ਚੇਤਨਾਂ ਦੇ ਤੌਰ ’ਤੇ ਇਸਤ੍ਰੀਆਂ, ਲੜਕੀਆਂ ਦਾ ਦਿਹਾੜਾ, ਲਿੰਗਵਾਦ-ਵਿਰੋਧ ਦਿਹਾੜਾ ਹਰ ਸਾਲ ਮਨਾਏ ਜਾਂਦੇ ਦਿਵਸ ਦਾ ਇਕ ਵਿਸ਼ਾ ਹੁੰਦਾ ਹੈ।

2023 ਸਾਲ ਦਾ ਵਿਸ਼ਾ ਹੈ:- Innovation and technology for gender equality. ਬਰਾਬਰਤਾ ਦੇ ਸੰਸਾਰ ਦਾ ਨਿਰਮਾਣ ਹੋਵੇ। ਨਕਲੀ ਦਿਖਾਵੇ ਤੋਂ ਸੰਸਾਰ ਮੁਕਤ ਹੋਵੇ। ਰਵਾਇਤੀ ਕ੍ਰਮਕਾਂਡ ਦੂਰ ਹੋਣ। ਸੰਸਾਰ ਜੀਵਨ ਦੀਆਂ ਕਦਰਾਂ-ਕੀਮਤਾਂ ਅਪਣਾਵੇ ਤੇ ਅਮਲ ਕਰੇ। ਇਸਤ੍ਰੀ ਦੀ ਹਿ-ੱਸੇਦਾਰੀ ਅਮਲੀ ਰੂਪ ਵਿਚ ਸਵੀਕਾਰ ਹੋਵੇ ਤੇ ਇਸਦਾ ਪ੍ਰਚਾਰ ਹੋਵੇ। ਸ਼ਿਲਪ ਵਿਗਿਆਨ ਦੀ ਨਵੀਨਤਾ ਵਿਚ ਇਸਤ੍ਰੀ ਦੀ ਬਰਾਬਰਤਾ ਬਿਨਾਂ ਭੇਦਭਾਵ ਦੇ ਹੋਵੇ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਾਨਵਵਾਦੀ ਧਰਮ ਦੀ ਲਹਿਰ ਚਲਾਈ। ਉਹਨਾਂ ਦੀ ਰਹਿਨੁਮਾਈ ਨੂੰ ਚਲਾਉਂਦੇ ਸਾਰੇ ਗੁਰੂਆਂ ਨੇ ਬੜੀ ਸਫਲਤਾ ਨਾਲ ਅੱਗੇ ਤੋਰਿਆ। ਜੋ ਅੱਜ ਸਿੱਖ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਸਿੱਖ ਸਿਧਾਂਤ ਵਿਚ ਬਰਾਬਰਤਾ ਦਾ ਉਪਦੇਸ਼ ਹੈ ਕਿ ਹੇ ਪ੍ਰਭੂ! ਮੈਂ ਤੈਥੋਂ ਇਹੀ ਮੰਗਦਾ ਹਾਂ ਕਿ ਤੇਰਾ ਨਾਨਕ ਉਹਨਾਂ ਬੰਦਿਆਂ ਨਾਲ ਸਾਥ ਬਣਾਵੇ ਜੋ ਨੀਵੀਂ ਤੋਂ ਨੀਵੀਂ ਜਾਤਿ ਦੇ ਹਨ। ਜੋ ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆ ਧਾਰੀਆਂ ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ, ਕਿਉਂਕਿ ਮੈਨੂੰ ਪਤਾ ਹੈ ਕਿ ਤੇਰੀ ਮਿਹਰ ਦੀ ਨਜ਼ਰ ਉਥੇ ਹੈ, ਜਿੱਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ। ਅੰਗ-15

ਮਾਨਵਵਾਦ ਤੋਂ ਸਪਸ਼ਟ ਹੈ ਕਿ ਮਨੁੱਖੀ ਬਰਾਬਰੀ ਦੀ ਵਿਚਾਰਧਾਰਾ ਹੈ। ਇਸਦਾ ਸਬੰਧ ਇਸਤਰੀ ਵਰਗ ਨਾਲ ਵੀ ਉਤਨਾ ਹੀ ਹੈ ਜਿਤਨਾ ਕਿ ਪੁਰਸ਼ ਵਰਗ ਨਾਲ। ਸਿੱਖ ਗੁਰੂਆਂ ਨੇ ਜਿੱਥੇ ਸਮਾਜ ਦੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਈ, ਉਸ ਵਿਚ ਇਸਤਰੀ ਦੀ ਬਰਾਬਰੀ ਦੀ ਵੀ ਹਾਮੀ ਭਰੀ। ਇਸਤਰੀਆਂ ਦੇ ਮਾਣ-ਸਤਿਕਾਰ ਵਿਚ ਪੁਰਸ਼ ਦੇ ਬਰਾਬਰ ਹੱਕ ਦਿੱਤਾ ਹੈ। ਇਸਤਰੀਆਂ ਸਮਾਜਿਕ, ਸਭਿਆਚਾਰਕ ਵਿਵਹਾਰਕ, ਧਾਰਮਿਕ ਸਿੱਖਿਆ, ਰਾਜਨੀਤੀ ਦੇ ਖੇਤਰਾਂ ਵਿਚ ਹਿੱਸਾ ਲੈ ਸਕਦੀਆਂ ਹਨ। ਸਿੱਖ ਗੁਰੂਆਂ ਨੇ ਬਰਾਬਰੀ ਵਿਚ ਇਸਤਰੀਆਂ ਨੂੰ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਿਤ ਕੀਤਾ। ਸਿੱਖ ਇਤਿਹਾਸ ਵਿਚ ਇਸਤਰੀਆਂ ਦੀ ਸ਼ਰਧਾ, ਲਗਨ, ਸੇਵਾ, ਬਹਾ-ਦਰੀ ਅਤੇ ਕੁਰਬਾਨੀ ਆਦਿ ਨੂੰ ਪੁਰਸ਼ਾਂ ਦੇ ਬਰਾਬਰ ਪੇਸ਼ ਕੀਤਾ। ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਹੋਕਾ ਦਿੱਤਾ ਕਿ ਸਤੀ ਦੀ ਰਸਮ, ਬਾਲ ਵਿਆਹ, ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਇਸਤਰੀਆਂ ਨੂੰ ਪ੍ਰਚਾਰ ਅਤੇ ਪ੍ਰਬੰਧ ਨਾਲ ਜੋੜ ਕੇ ਸੇਵਾ ਵਿਚ ਲਾਇਆ।

ਮਾਤਾ ਖੀਵੀ ਜੀ ਦੀ ਸੇਵਾ ਗੁਰਬਾਣੀ ਵਿਚ ਦਰਜ ਹੈ ਕਿ : ਹੇ ਬਲਵੰਡ, ਮਾਤਾ ਖੀਵੀ ਜੀ ਵੀ ਆਪਣੇ ਪਤੀ ਗੁਰੂ ਅੰਗਦ ਦੇਵ ਸਾਹਿਬ ਜੀ ਵਾਂਗ ਭਲੇ ਹਨ। ਮਾਤਾ ਖੀਵੀ ਜੀ ਦੀ ਛਾਂ ਬਹੁਤ ਪੱਤਰਾਂ ਵਾਲੀ ਸੰਘਣੀ ਹੈ। ਭਾਵ ਮਾਤਾ ਖੀਵੀ ਜੀ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ, ਠੰਡ ਪੈਦਾ ਹੁੰਦੀ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਤਸੰਗ ਰੂਪੀ ਲੰਗਰਾਂ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੀ ਹੈ। ਅੰਗ- 967

ਇਸਤਰੀ ਦੀ ਸਮਰੱਥਾ ਅਤੇ ਗੁਣਾਂ ਨੂੰ ਗੁਰਬਾਣੀ ਵਿਚ ਦੱਸਿਆ ਹੈ ਕਿ ਇਸਤਰੀ ਤੋਂ ਜਨਮ ਲਈਦਾ ਹੈ। ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਦੇ ਰਾਹੀਂ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਹੀ ਹੋਰ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਤੋਂ ਹੀ ਜਗਤ ਦੀ ਉਤਪੱਤੀ ਦਾ ਰਸਤਾ ਚਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ ਕਰੀਦੀ ਹੈ। ਜਿਸ ਇਸਤਰੀ ਜਾਤੀ ਤੋਂ ਰਾਜੇ ਵੀ ਜੰਮਦੇ ਹਨ, ਉਸਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਜਗਤ ਵਿਚ ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹ ਸਕਦਾ। ਹੇ ਨਾਨਕ! ਕੇਵਲ ਇਕ ਸੱਚਾ ਪ੍ਰਭੂ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਮਨੁੱਖ ਹੋਵੇ ਭਾਵੇਂ ਇਸਤਰੀ ਜੋ ਵੀ ਮੂੰਹੋਂ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸਦੇ ਮੱਥੇ ਉੱਤੇ ਭਾਗਾਂ ਦੀ ਮਣੀ ਹੈ। ਭਾਵ ਉਸਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ! ਉਹੀ ਮੁਖ ਉਸੇ ਸੱਚ ਪ੍ਰਭੂ ਦੇ ਦਰਬਾਰ ਸੋਹਣੇ ਲੱਗਦੇ ਹਨ। ਅੰਗ 473

ਮਰਦ ਅਤੇ ਇਸਤਰੀ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ। ਗੁਰਬਾਣੀ ਅਨੁਸਾਰ ਸਾਡਾ ਪਤੀ ਕੇਵਲ ਇਕ ਰੱਬ ਹੀ ਹੈ ਤੇ ਅਸੀਂ ਸਾਰੇ ਉਸਦੀਆਂ ਪਤਨੀਆਂ ਹਾਂ। ਇਸ ਸੰਸਾਰ ਵਿਚ ਪਤੀ ਇਕ ਪ੍ਰਮਾਤਮਾ ਹੀ ਹੈ। ਹੋਰ ਸਾਰੀ ਸ੍ਰਿਸ਼ਟੀ ਉਸਦੀਆਂ ਇਸਤਰੀਆਂ ਹਨ। ਅੰਗ 592

ਗੁਰਬਾਣੀ ਉਪਦੇਸ਼ ਮਰਦ ਅਤੇ ਇਸਤਰੀ ਦੋਹਾਂ ਲਈ ਹੈ। ਅਤੇ ਸਾਰਿਆਂ ਲਈ ਵੀ ਹੈ। ਸੁਲੱਖਣੀ ਜੀਵ ਇਸਤਰੀ ਦੇ 32 ਗੁਣ ਦੱਸੇ ਹਨ। ਇਸਤਰੀ ਨੂੰ ਭਗਤੀ ਰੂਪ ਦੱਸਦਿਆਂ ਗੁਰਬਾਣੀ ਦਾ ਉਪਦੇਸ਼ ਹੈ ਕਿ- ਇਹ ਭਗਤੀ ਰੂਪ ਇਸਤਰੀ ਦਯਾ, ਨਿਮਰਤਾ, ਲੱਜਾ ਆਦਿਕ 32 ਸੋਹਣੇ ਲੱਛਣਾਂ ਵਾਲੀ ਹੈ। ਸਦਾ-ਥਿਰ ਪ੍ਰਮਾਤਮਾ ਦਾ ਨਾਮ ਇਸਦੀ ਸੰਤਾਨ ਹੈ। ਪੁੱਤਰ ਹਨ, ਪਰ ਇਹ ਇਸਤਰੀ ਆਗਿਆ ਵਿਚ ਤੁਰਨ ਵਾਲੀ ਹੈ। ਸੁਚੱਜੀ ਹੈ, ਸੋਹਣੇ ਰੂਪ ਵਾਲੀ ਹੈ। ਜੀਵ-ਕੰਤ ਦੀ ਹਰੇਕ ਇੱਛਾ ਇਹ ਪੂਰੀ ਕਰਦੀ ਹੈ। ਦਿਰਾਣੀ, ਜੇਠਾਣੀ (ਆਸ਼ਾ ਤ੍ਰਿਸ਼ਨਾ) ਨੂੰ ਇਹ ਹਰ ਤਰ੍ਹਾਂ ਦਾ ਸੰਤੋਖ ਦਿੰਦੀ ਹੈ। ਸ਼ਾਂਤ ਕਰਦੀ ਹੈ।

ਅੰਗ 370-371

ਵਿਆਹ ਦੀਆਂ ਰਸਮਾਂ ਅਤੇ ਅਨੰਦ ਕਾਰਜ ਤੋਂ ਬਾਅਦ ਲੜਕੇ ਲੜਕੀ ਨੂੰ ਆਗਿਆ ਦਿੱਤੀ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਇਕੱਠਿਆਂ ਜ਼ਿੰਦਗੀ ਬਿਤਾਉਣੀ ਹੈ। ਉਚੇਚੇ ਤੌਰ ’ਤੇ ਲੜਕੀ ਨੂੰ ਇਹ ਗੱਲ ਸਮਝਾਈ ਜਾਂਦੀ ਹੈ ਕਿ ਅੱਜ ਤੋਂ ਬਾਅਦ ਤੁਸੀਂ ਇਕ ਹੋ ਕੇ ਰਹਿਣਾ ਹੈ। ਸ਼ੇਖ ਫ਼ਰੀਦ ਜੀ ਫੁਰਮਾਉਂਦੇ ਹਨ: ਪ੍ਰਮਾਤਮਾ ਨੂੰ ਭਾਲਣ ਵਾਲੀਏ ਹੇ ਜੀਵ ਇਸਤਰੀਏ ਤੂੰ ਅੰਮ੍ਰਿਤ ਵੇਲੇ ਉੱਠ ਕੇ ਪਤੀ ਪ੍ਰਮਾਤਮਾ ਨੂੰ ਮਿਲਣ ਦੀ ਬੰਦਗੀ ਕਰਦੀ ਹੈ। ਪਰ ਤੈਨੂੰ ਅਜੇ ਵੀ ਨਹੀਂ ਮਿਲਿਆ। ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ। ਜਿਹਨਾਂ ਦਾ ਨਾਮ ਸੁਹਾਗਣ ਹੈ, ਉਹਨਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ ਭਾਵ ਪਤੀ ਮਿਲਾਪ ਦੀ ਦਾਤਿ ਉਹਨਾਂ ਨੂੰ ਹੀ ਮਿਲਦੀ ਹੈ ਜੋ ਅੰਮ੍ਰਿਤ ਵੇਲੇ ਉੱਠਣ ਦਾ ਕੋਈ ਹੱਕ ਨਹੀਂ ਜਮਾਂਦੀਆਂ। ਅੰਗ 1384

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫ਼ਰਮਾਇਆ ਹੈ ਕਿ ਜਿਸਦੇ ਅੰਦਰ ਸੱਚ ਹੈ ਉਹੀ ਅਸਲ ਸੁਹਾਗਣ ਹੈ। ਹੇ ਨਾਨਕ! ਇਸਤੋਂ ਬਿਨਾਂ ਸੁਹਾਗ-ਭਾਗ ਵਾਲੀ ਜੀਵ ਇਸਤਰੀ ਦਾ ਹੋਰ ਕੀ ਲੱਛਣ ਹੋ ਸਕਦਾ ਹੈ। ਉਸਦੇ ਅੰਦਰ ਸੱਚਾ ਨਾਮ ਹੋਵੇ। ਮੂੰਹ ਉੱਤੇ ਨਾਮ ਦੀ ਲਾਲੀ ਹੋਵੇ, ਉਹ ਖਸਮ ਪ੍ਰਭੂ ਨਾਲ ਜੁੜੀ ਰਹੇ।

ਅੰਗ 785

ਵਿਆਹੁਤਾ ਜੀਵਨ ਕੀ ਹੈ? ਜੋ ਸਿਰਫ ਸਰੀਰਕ ਤੌਰ ਤੇ ਰਲ ਕੇ ਬਹਿਣ, ਉਹਨਾਂ ਨੂੰ ਅਸਲ ਇਸਤ੍ਰੀ ਖਸਮ ਨਹੀਂ ਆਖੀਦਾ।ਜਿਹਨਾਂ ਦੇ ਦੋਹਾਂ ਜਿਸਮਾਂ ਵਿਚ ਇਕੋ ਆਤਮਾ ਹੋ ਜਾਵੇ, ਉਹ ਹੈ ਇਸਤ੍ਰੀ ਤੇ ਉਹ ਪਤੀ- 788

ਗੁਰਬਾਣੀ ਵਿਚ ਪ੍ਰਾਣੀਆਂ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਪ੍ਰਭੂ ਮਿਲਣ ਦਾ ਹਵਾਲਾ ਹੈ ਕਿ: ਹੇ ਸਤਿਸੰਗਣ ਭੈਣੋ ਤੇ ਸਹੇਲੀਓ! ਆਓ ਪਿਆਰ ਨਾਲ ਇਕੱਠੀਆਂ ਹੋਵੀਏ, ਸਤਿਸੰਗ ਵਿਚ ਮਿਲ ਕੇ ਉਸ ਖਸਮ ਪ੍ਰਭੂ ਦੀਆਂ ਗੱਲਾਂ ਕਰੀਏ। ਜੋ ਸਾਰੀਆਂ ਤਾਕਤਾਂ ਵਾਲਾ ਹੈ।ਹੇ ਸਹੇਲੀਓ, ਉਸ ਸਦਾ ਥਿਰ ਮਾਲਕ ਵਿਚ ਸਾਰੇ ਗੁਣ ਹੀ ਗੁਣ ਹਨ। ਉਸਤੋਂ ਵਿੱਛੜ ਕੇ ਸਾਰੇ ਔਗੁਣ ਸਾਡੇ ਵਿਚ ਆ ਜਾਂਦੇ ਹਨ। ਅੰਗ 17

ਇਸਤ੍ਰੀ ਰੂਪੀ ਪ੍ਰਾਣੀ ਦਾ ਦਾਜ ਕੀ ਹੈ? ਹੇ ਮੇਰੇ ਪਿਤਾ ਮੈਂ ਤੇਰੇ ਕੋਲ ਦਾਜ ਮੰਗਦੀ ਹਾਂ। ਮੈਨੂੰ ਹਰੀ ਦੇ ਨਾਮ ਦਾ ਦਾਨ ਦੇ। ਮੈਨੂੰ ਇਹੀ ਦਾਜ ਦੇ।ਮੈਨੂੰ ਹਰੀ ਦੇ ਨਾਮ ਦਾ ਹੀ ਕੱਪੜਾ ਦੇ। ਮੈਨੂੰ ਹਰੀ ਦੇ ਨਾਮ ਹੀ ਦਾਜ ਦੇ ਗਹਿਣੇ ਆਦਿਕ ਧੰਨ ਦੇਹ। ਇਸੇ ਦਾਜ ਨਾਲ ਮੇਰਾ ਪ੍ਰਭੂ ਪਤੀ ਨਾਲ ਵਿਆਹ ਸੋਹਣਾ ਲੱਗ ਪਵੇ। ਪ੍ਰਮਾਤਮਾ ਦੀ ਭਗਤੀ ਨਾਲ ਹੀ ਪ੍ਰਮਾਤਮਾ ਨਾਲ ਵਿਆਹ ਦਾ ਉੱਦਮ ਸੁਖਦਾਈ ਬਣਦਾ ਹੈ। ਜਿਸ ਜੀਵ-ਮੁਟਿਆਰ ਨੂੰ ਗੁਰੂ ਨੇ ਸਤਿਗੁਰੂ ਨੇ ਇਹ ਦਾਨ ਇਹ ਦਾਜ ਦਿਵਾਇਆ ਹੈ। ਹਰੀ ਨਾਮ ਦੇ ਦਾਜ ਨਾਲ ਉਸਦੀ ਸ਼ੋਭਾ ਉਸਦੇ ਦੇਸ਼ ਵਿਚ ਸੰਸਾਰ ਵਿਚ ਹ ਜਾਂਦੀ ਹੈ। ਇਹ ਦਾਜ ਐਸਾ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜਿਹੜੇ ਦਾਜ ਰੱਖ ਕੇ ਵਿਖਾਉਂਦੇ ਹਨ, ਉਹ ਝੂਠਾ ਅਹੰਕਾਰ ਪੈਦਾ ਕਰਨ ਵਾਲਾ ਹੈ। ਉਹ ਕੱਚ ਸਮਾਨ ਹੈ ਉਹ ਨਿਰਾ ਵਿਖਾਵਾ ਹੀ ਹੈ। ਹੇ ਮੇਰੇ ਪਿਤਾ ਮੈਨੂੰ ਹਰੀ ਪ੍ਰਭੂ ਦੇ ਨਾਮ ਦਾ ਦਾਨ ਦੇ ਮੈਨੂੰ ਇਹੀ ਦਾਜ ਦੇ। ਅੰਗ 79

ਇਸਤਰੀ ਤੇ ਸਤੀ ਦੀ ਰਸਮ ਥੋਪੀ ਗਈ ਨੂੰ ਸਪਸ਼ਟ ਗੁਰਬਾਣੀ ਵਿਚ ਕੀਤਾ ਗਿਆ ਹੈ ਕਿ: ਉਹ ਇਸਤਰੀਆਂ ਸਤੀ ਹੋ ਗਈਆਂ, ਨਹੀਂ ਆਖੀਦਾ ਜੋ ਪਤੀ ਦੀ ਲੋਥ ਨਾਲ ਸੜ ਮਰਦੀ ਸੀ। ਹੇ ਨਾਲਕ! ਜੋ ਪਤੀ ਦੀ ਮੌਤ ਦੇ ਵਿਛੋੜੇ ਦੀ ਹੀ ਸੱਟ ਨਾਲ ਮਰ ਜਾਣ ਉਹਨਾਂ ਨੂੰ ਸਤੀ ਹੋ ਗਈਆਂ ਸਮਝਣਾ ਚਾਹੀਦਾ ਹੈ। ਉਹਨਾਂ ਇਸਤਰੀਆਂ ਨੂੰ ਵੀ ਸਤੀ ਹੀ ਸਮਝਣਾ ਚਾਹੀਦਾ ਹੈ ਜੋ ਪਤਿਬ੍ਰਤ- ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਤੇ ਸਦਾ ਉਦਮ ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ- 787

ਗੁਰਬਾਣੀ ਦਾ ਉਪਦੇਸ਼ ਹੈ ਕਿ ਜਦੋਂ ਪ੍ਰਭੂ ਇਸਤਰੀ ਨੂੰ ਆਪਣੀ ਬਣਾ ਲੈਂਦਾ ਹੈ- ਹੇ ਪਾਂਡੇ ਗੋਪਾਲ ਦਾ ਨਾਮ ਮਨ ਦੀ ਪੱਟੀ ਉੱਤੇ ਲਿਖ ਕੇ ਮਾਇਆ ਵੱਲ ਦੌੜ ਕੇ ਇਸ ਚੰਚਲ ਮਨ ਨੂੰ ਰੋਕ ਰੱਖ। ਭਾਵ ਅੰਤਰ-ਆਤਮੇ ਟਿਕਾਅ ਰੱਖ। ਸ੍ਰਿਸ਼ਟੀ ਮਾਇਆ ਦੇ ਔਗੁਣ ਵਿਚ ਫਸ ਕੇ ਆਪੋ ਵਿਚ ਭਿੜ ਭਿੜ ਕੇ ਆਤਮਕ ਮੌਤ ਸਹੇੜ ਰਹੀ ਦੁਖੀ ਹੋ ਰਹੀ ਹੈ। ਹੇ ਪਾਂਡੇ ਪ੍ਰਭੂ ਪਾਲਣਹਾਰ ਇਕ ਹੈ। ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਪਰ ਮਾਇਆ ਗ੍ਰਸੀ ਜੀਵ-ਇਸਤਰੀ ਖਸਮ ਨੂੰ ਨਹੀਂ ਪਛਾਣਦੀ।ਤੇ ਬਾਹਰ ਕਈ ਵੇਸ ਕਰਦੀ ਹੈ। ਹੋਰ ਤੇ ਹੋਰ ਆਸਰੇ ਤੱਕਦੀ ਹੈ, ਨੂੰ ਰੋਕ ਲਿਆ ਹੈ। ਉਸਨੂੰ ਉਸਨੇ ਆਪਣੇ ਮਹਿਲ ਵਿਚ ਬੁਲਾ ਲਿਆ ਹੈ। ਉਸਦੇ ਜੀਵਨ ਰਾਹ ਵਿਚ ਤ੍ਰਿਸ਼ਨਾ ਦੀ ਕੋਈ ਰੋਕ ਨਹੀਂ ਪੈਂਦੀ। ਗੁਰੂ ਦੇ ਸ਼ਬਦ ਰਾਹੀਂ ਉਸਨੂੰ ਪ੍ਰਭੂ ਨੇ ਸੰਵਾਰ ਲਿਆ ਹੈ। ਉਹ ਜੀਵ ਇਸਤਰੀ ਸਦਾ-ਥਿਰ ਪ੍ਰਭੂ ਪਿਆਰ ਵਿਚ ਰਹਿੰਦੀ ਹੈ। ਉਹ ਸੁਹਾਗ-ਭਾਗ ਵਾਲੀ ਹੋ ਜਾਂਦੀ ਹੈ ਕਿਉਂਕਿ ਪ੍ਰਭੂ ਨੇ ਉਸਨੂੰ ਆਪਣੀ ਬਣਾ ਲਿਆ ਹੈ।
ਅੰਗ-933

ਸਤੀ ਇਸਤ੍ਰੀਆਂ ਆਪਣੇ ਖਸਮ ਦੇ ਜਿਉਂਦਿਆਂ ਉਸਦੀ ਸੇਵਾ ਕਰਦੀਆਂ ਹਨ। ਪਤੀ ਨੂੰ ਆਪਣਾ ਸਮਝਦੀਆਂ ਹਨ, ਤਾਹੀਏਂ ਸਰੀਰ ਤੇ ਦੁੱਖ ਸਹਿੰਦੀਆਂ ਹਨ। ਪਰ ਹੇ ਨਾਲਕ ਜਿਨ੍ਹਾਂ ਨੇ ਖਸਮ ਨਾਹ ਜਾਤਾ, ਉਹ ਕਿਉਂ ਦੁੱਖ ਸਹਿਣ? ਪਤੀ ਚਾਹੇ ਸੁਖੀ ਹੋਵੇ, ਚਾਹੇ ਦੁਖੀ ਹੋਵੇ, ਉਹ ਔਖੇ ਵੇਲੇ ਨੇੜੇ ਨਹੀਂ ਢੁੱਕਦੀਆਂ। ਅੰਗ 787

ਰੱਬ ਤੋਂ ਵਿੱਛੜ ਕੇ ਮਨੁੱਖ ਜਾਲਮ ਹੋ ਰਹੇ ਹਨ। ਤੇ ਤੀਵੀਆਂ ਇਸ ਜ਼ੁਲਮ ਵਿਚ ਸਲਾਹਕਾਰ ਬਣ ਰਹੀਅਹਨ। ਮਿੱਠਾ ਸੁਭਾਅ, ਜੁਗਤਿ ਵਿਚ ਰਹਿਣਾ, ਦਿਲ ਦੀ ਸਫਾਈ ਇਹ ਸਭ ਗੱਲਾਂ ਦੂਰ ਹੋ ਗਈਆਂ ਹਨ ਤੇ ਵੱਢੀ ਆਦਿਕ ਹਰਾਮ-ਮਾਲ ਇਹਨਾਂ ਲੋਕਾਂ ਦਾ ਮਨਭਾਉਂਦਾ ਖਾਣਾ ਹੋ ਗਿਆ ਹੈ। ਸ਼ਰਮ ਹਯਾ ਇਹਨਾਂ ਮਨੁੱਖਾ ਤੋਂ ਦੂਰ ਹੋ ਗਈ ਹੈ। ਅਣਖ ਭੀ ਸ਼ਰਮ ਹਯਾ ਦੇ ਨਾਲ ਹੀ ਚਲੀ ਗਈ ਹੈ।

ਹੇ ਨਾਲਕ! ਜੇ ਸੀਲ ਸੰਜਮ ਸੁੱਚ ਆਦਿਕ ਗੁਣ ਲੱਭਣੇ ਹਨ ਤਾਂ ਉਹਨਾਂ ਦਾ ਸੋਮਾ ਸਿਰਫ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੀ ਹੈ। ਇਹਨਾਂ ਗੁਣਾਂ ਲਈ ਕੋਈ ਹੋਰ ਥਾਂ ਨਾ ਲੱਭੋ। ਭਾਵ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਮਿਲ ਸਕਦੇ। ਅੰਗ- 1243

ਪੰਡਤ ਵੇਦ-ਪਾਠੀ ਹੋਣ ਦੇ ਹੰਕਾਰ ਵਿਚ ਖਪਦੇ ਹਨ। ਇਸਤਰੀਆਂ ਸ਼ੀਸ਼ੇ ਵਿਚ ਆਪਣੇ ਰੂਪ ਤੱਕਣ ਵਿਚ ਹੀ ਜ਼ਿੰਦਗੀ ਅਜਾਈਂ ਬਿਤਾ ਰਹੀਆਂ ਹਨ। ਆਪੋ-ਆਪਣੇ ਅੰਦਰ ਝਾਤ ਮਾਰ ਕੇ ਵੇਖ ਲਵੋ, ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਸਭ ਜੀਵ ਖਵਾਰ ਹੋ ਰਹੇ ਹਨ। ਕਬੀਰ ਸਿੱਖਿਆ ਦੀ ਗੱਲ ਕਰਦਾ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਨੂੰ ਜੀਵਨ ਦੀ ਸੂਝ ਨਹੀਂ ਪੈਂਦੀ।

ਅੰਗ 654

ਹੇ ਭਾਈ! ਤੂੰ ਉਚੇ ਮਹਿਲ ਮਾੜੀਆਂ ਤੇ ਸੁੰਦਰ ਇਸਤਰੀ ਦਾ ਮਾਣ ਕਰਦਾ ਹੈਂ। ਪ੍ਰਭੂ ਦਾ ਨਾਮ ਵਿਸਾਰ ਕੇ, ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈ। ਅੰਗ 659

ਇਸਤਰੀ ’ਤੇ ਹੋਏ ਅੱਤਿਆਚਾਰ ਦਾ ਹਵਾਲਾ ਹੈ ਕਿ ਗੁਰੂ ਨਾਲਕ ਦੇਵ ਸਾਹਿਬ ਜੀ ਆਖਦੇ ਹਨ- ਹੇ ਭਾਈ ਨਾਲੋ, ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫੀਅਤ ਦੇਂਦਾ ਹਾਂ, ਜੋ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜ਼ੁਲਮ ਦੀ ਜੰਝ ਹੈ, ਇਕੱਠੀ ਕਰਕੇ ਆ ਚੜ੍ਹਿਆ। ਜੋਰ-ਧੱਕੇ ਨਾਲ ਹਿੰਦ ਦੀ ਹਕੂਮਤ ਰੂਪੀ ਕੰਨਿਆਦਾਨ ਮੰਗ ਰਿਹਾ ਹੈ। ਸੈਦਪੁਰ ਵਿਚ ਹਯਾ ਤੇ ਧਰਮ ਦੋਵੇਂ ਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵੱਲੋਂ ਸੈਦਪੁਰ ਦੀਆਂ ਇਸਤਰੀਆਂ ਉੱਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ ਮਾਨੋ ਸ਼ੈਤਾਨ ਇਸ ਸ਼ਹਿਰ ਵਿਚ ਵਿਆਹ ਪੜ੍ਹਾ ਰਿਹਾ ਹੈ। ਤੇ ਕਾਜੀਆਂ, ਬ੍ਰਾਹਮਣਾਂ ਦੀ ਮਰਿਆਦਾ ਮੁੱਕ ਚੁੱਕੀ ਹੈ।

ਮੁਸਲਮਾਨ ਇਸਤਰੀਆਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ। ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉਚੀਆਂ ਜਾਤਾਂ ਦੀਆਂ ਨੀਵੀਆਂ ਜਾਤਾਂ ਦੀਆਂ ਹੋਰ ਵੀ ਸਭ ਹਿੰਦੂ ਇਸਤਰੀਆਂ ਇਹਨਾਂ ਸਾਰੀਆਂ ਉੱਤੇ ਹੀ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ! ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ। ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ। ਅੰਗ 722

ਸੰਸਾਰ ਦੇ ਐਬਾਂ ਤੋਂ ਬਚਣ ਲਈ ਭਗਤ ਨਾਮਦੇਵ ਜੀ ਦੀ ਨਸੀਹਤ ਹੈ ਕਿ: ਜਿਵੇਂ ਵਿਸ਼ਈ ਮਨੁੱਖ ਪਰਾਈ ਨਾਰ ਵੱਲ ਤੱਕਦਾ ਹੈ। ਜਿਵੇਂ ਜੂਆ ਖੇਡਣ ਵਾਲਾ ਜੁਆਰੀਆਂ ਕਉਂਡਾਂ ਸੁੱਟ ਕੇ ਰਾਹੁ ਨਾਲ ਤੱਕਦਾ ਹੈ ਕਿ ਦਾਉ ਪਿਆ ਹੈ। ਮੈਂ ਨਾਮਦੇਵ ਭੀ ਇਹਨਾਂ ਵਾਂਗ ਸਦਾ ਆਪਣੇ ਪ੍ਰਭੂ ਨੂੰ ਸਿਮਰਦਾ ਹਾਂ। ਜਿੱਧਰ ਤੱਕਦਾ ਹਾਂ, ਪ੍ਰਭੂ ਨੂੰ ਹੀ ਵੇਖਦਾ ਹਾਂ। ਮੇਰੀ ਸੁਰਤਿ ਸਦਾ ਪ੍ਰਭੂ ਵਿਚ ਹੀ ਰਹਿੰਦੀ ਹੈ। ਭਾਵ ਪ੍ਰਭੂ ਪ੍ਰੀਤ ਇਹੋ ਜਿਹੀ ਹੋਵੇ ਕਿ ਆਪਾ ਭੁੱਲ ਜਾਵੇ, ਸੁਰਤਿ ਸਦਾ ਪ੍ਰਭੂ ਵਿਚ ਰਹੇ। ਅੰਗ 873

ਹਰੇਕ ਜੀਵ ਮਰਦ ਭੀ ਪ੍ਰਭੂ ਆਪ ਹੀ ਹੈ। ਇਸਤਰੀ ਵੀ ਆਪ ਹੀ ਹੈ। ਪ੍ਰਭੂ ਆਪ ਹੀ ਇਹ ਜਗਤ-ਰੂਪ ਚਉਪੜ ਦੀ ਖੇਡ ਹੈ, ਤੇ ਆਪ ਹੀ ਚਉਪੜ ਦੀਆਂ ਜੀਵ ਨਰਦਾਂ ਹੈ। ਪ੍ਰਮਾਤਮਾ ਨੇ ਆਪ ਹੀ ਇਹ ਜਗਤ ਚਉਪੜ ਦੀ ਖੇਡ ਰੂਪ ਪਿੜ ਤਿਆਰ ਕੀਤੀ ਹੈ। ਆਪ ਹੀ ਇਸ ਖੇਡ ਨੂੰ ਪਰਖ ਰਿਹਾ ਹੈ। ਅੰਗ 1020

ਅੰਤਿਕਾ: ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਇਸਤ੍ਰੀ ਜਾਤੀ ਲਈ ਉਤਸ਼ਾਹ ਬਲ ਹੈ ਕਿ ਹੀਣ-ਭਾਵਨਾ ਤੋਂ ਉਪਰ ਉੱਠ ਕੇ ਗੁਰਮਤਿ-ਆਸ਼ੇ ਅਨੁਸਾਰ ਜੀਵਨ ਢਾਲਣਾ ਹੈ। ਜੀਵ ਆਤਮਾ ਨੂੰ ਵਹੁਟੀ ਦਾ ਅਲੰਕਾਰ ਦੇ ਕੇ ਦਸਿਆ ਹੈ ਕਿ ਇਸਤ੍ਰੀ ਮਨੁੱਖ ਪ੍ਰਭੂ ਭਗਤੀ ਦੇ ਮਾਰਗ ਤੇ ਚੱਲ ਕੇ ਦੋਵੇਂ ਹੀ ਬਰਾਬਰ ਮੁਕਤੀ ਪਾ ਸਕਦੇ ਹਨ। ਇਸਤ੍ਰੀ ਮਰਦ ਬਰਾਬਰ ਹਨ। ਨਰੋਏ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਸਕਦੇ ਹਨ।



ਤਰਸੇਮ ਬੱਧਣ

# ਬਾਲੀਵੁੱਡ ਖ਼ਬਰਨਾਮਾ



## ਅੰਧੇਰੀ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਮਧੂਬਾਲਾ ਕਰਦੀ ਸੀ ਸੇਵਾ

ਭਾਰਤੀ ਸਿਨੇਮਾ ਦੀ ਖ਼ੂਬਸੂਰਤ ਅਭਿਨੇਤਰੀ ਮਧੂਬਾਲਾ ਨੂੰ ਬਹੁਤ ਸ਼ੁਹਰਤ ਮਿਲੀ, ਪਰ ਸੁੱਖ, ਖ਼ੁਸ਼ੀ ਅਤੇ ਸਕੂਨ ਦੇ ਪਲ ਉਸ ਦੇ ਜੀਵਨ ਵਿੱਚੋਂ ਗਾਇਬ ਰਹੇ। ਉਹ ਬਹੁਤ ਘੱਟ ਸਮਾਂ ਹੀ ਜਿਊਂ ਸਕੀ। ਉਸ ਦੀ 36 ਸਾਲ ਦੀ ਉਮਰ ਵਿੱਚ ਮੌਤ ਹੋ ਗਈ।ਉਸ ਨੇ ਬਤੌਰ ਬਾਲ ਅਦਾਕਾਰਾ ਅਤੇ ਗਾਇਕਾ 'ਮੁਮਤਾਜ਼' (1944), 'ਧੰਨਾ ਭਗਤ' (1945), 'ਪੁਜਾਰੀ' (1946) ਅਤੇ 'ਰਾਜਪੂਤਾਨੀ' (1946) ਸਮੇਤ ਕੁਝ ਹੋਰ ਫਿਲਮਾਂ ਕੀਤੀਆਂ ਜੋ ਕਾਫ਼ੀ ਸਫਲ ਰਹੀਆਂ। ਫਿਲਮ ਨਿਰਦੇਸ਼ਕ ਕੇਦਾਰ ਸ਼ਰਮਾ ਨੇ ਉਸ ਨੂੰ ਰਾਜ ਕਪੂਰ ਦੇ ਨਾਲ ਫਿਲਮ 'ਨੀਲ ਕਮਲ' ਲਈ ਲੈ ਲਿਆ ਤੇ 24 ਮਾਰਚ, 1947 ਨੂੰ ਰਿਲੀਜ਼ ਹੋਈ ਇਹ ਫਿਲਮ ਸਫਲ ਰਹੀ।ਕੇਵਲ 36 ਵਰ੍ਹਿਆਂ ਦੀ ਉਮਰ ਵਿੱਚ ਇਸ ਜਹਾਨ ਨੂੰ ਛੱਡਣ ਤੋਂ ਪਹਿਲਾਂ ਉਹ 73 ਦੇ ਕਰੀਬ ਹਿਟ ਫਿਲਮਾਂ ਭਾਰਤੀ ਸਿਨੇਮਾ ਦੀ ਝੋਲੀ ਪਾ ਗਈ ਜਿਨ੍ਹਾਂ ਵਿੱਚ 'ਅਮਰ ਪ੍ਰੇਮ', 'ਦੌਲਤ', 'ਦੁਲਾਰੀ', 'ਮਹਿਲ', 'ਝੁਮਰੂ', 'ਪਾਸਪੋਰਟ', 'ਬਾਦਲ', 'ਬਰਸਾਤ ਕੀ ਰਾਤ' ਅਤੇ 'ਮੁਗਲੇ ਆਜ਼ਮ' ਆਦਿ ਦੇ ਨਾਂ ਪ੍ਰਮੁੱਖ ਸਨ। 1960 ਵਿੱਚ ਮਧੂਬਾਲਾ ਨੇ ਅਦਾਕਾਰ ਤੇ ਗਾਇਕ ਕਿਸ਼ੋਰ ਕੁਮਾਰ ਨਾਲ ਵਿਆਹ ਕਰ ਲਿਆ, ਪਰ ਕਿਸ਼ੋਰ ਨਾਲ ਵੀ ਉਸ ਦੇ ਦਿਲ ਦੀ ਸਾਂਝ ਪੈ ਨਾ ਸਕੀ। ਉਸ ਦੀ ਸਰੀਰਕ ਹਾਲਤ ਨਿਰੰਤਰ ਵਿਗੜਦੀ ਗਈ ਤੇ ਅਖ਼ੀਰ 23 ਫਰਵਰੀ, 1969 ਨੂੰ ਉਸ ਦੀ ਮੌਤ ਹੋ ਗਈ। ਅੰਧੇਰੀ ਇਲਾਕੇ ਵਿੱਚ ਸਥਿਤ ਇੱਕ ਗੁਰਦੁਆਰਾ ਸਾਹਿਬ ਵਿਖੇ ਮਧੂਬਾਲਾ ਗੁਰੂ ਨਾਨਕ ਦੇਵ ਜੀ ਦੇ ਹਰੇਕ ਪ੍ਰਕਾਸ਼ ਪੁਰਬ 'ਤੇ ਲੰਗਰ ਦਾ ਸਾਰਾ ਖ਼ਰਚ ਚੁੱਕਿਆ ਕਰਦੀ ਸੀ ਤੇ ਆਪਣੀਆਂ ਫਿਲਮਾਂ ਦੀ ਸ਼ੂਟਿੰਗ ਲਈ ਚਾਹੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਗਈ ਹੋਵੇ, ਗੁਰਪੁਰਬ ਮੌਕੇ ਉਕਤ ਗੁਰਦੁਆਰਾ ਸਾਹਿਬ ਵਿਖੇ ਲੰਗਰ ਦੀ ਸੇਵਾ ਲਈ ਹਾਜ਼ਰ ਹੋ ਜਾਂਦੀ ਸੀ। ਉਸ ਦੀ ਮੌਤ ਤੋਂ ਬਾਅਦ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਉਸ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਪਾ ਕੇ ਅਰਦਾਸ ਕੀਤੀ ਗਈ ਸੀ। ਮੁੰਬਈ ਦੇ ਇਸ ਗੁਰਦਵਾਰਾ ਸਾਹਿਬ ਚ ਅੱਜ ਵੀ ਹੁੰਦੀ ਮਧੂਬਾਲਾ ਦੇ ਨਾਮ ਦੀ ਅਰਦਾਸ। ਮਧੂ ਬਾਲਾ ਇਸ ਗੁਰਦਵਾਰਾ ਸਾਹਿਬ ਸੇਵਾ ਕਾਰਨ ਰੋਜ਼ ਜਾਂਦੀ ਸੀ।

## ਆਸਕਰ ਅਤੇ ਗੋਲਡਨ ਗਲੋਬ ਜੇਤੂ ਅਭਿਨੇਤਾ ਜ਼ੀਨ ਹੈਕਮੈਨ ਦਾ ਦਿਹਾਂਤ



95 ਸਾਲ ਦੇ ਆਸਕਰ ਅਤੇ ਗੋਲਡਨ ਗਲੋਬ ਜੇਤੂ ਅਭਿਨੇਤਾ ਜ਼ੀਨ ਹੈਕਮੈਨ ਅਤੇ ਉਨ੍ਹਾਂ ਦੀ ਪਤਨੀ ਬੈਟਸੀ ਅਰਾਕਾਵਾ ਦਾ ਦਿਹਾਂਤ ਹੋ ਗਿਆ। ਜ਼ੀਨ ਹੈਕਮੈਨ ਨੇ ਆਪਣੇ ਪੂਰੇ ਕਰੀਅਰ ਵਿੱਚ 100 ਤੋਂ ਵੱਧ ਸੁਪਰਮੈਨ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਅਭਿਨੇਤਾ ਅਤੇ ਉਨ੍ਹਾਂ ਦੀ ਪਤਨੀ ਦੇ ਨਾਲ-ਨਾਲ ਘਰ ਵਿੱਚ ਉਨ੍ਹਾਂ ਦੇ ਕੁੱਤੇ ਦੀ ਵੀ ਲਾਸ਼ ਮਿਲੀ ਹੈ। ਬੀਬੀਸੀ ਦੀ ਇੱਕ ਖ਼ਬਰ ਦੇ ਮੁਤਾਬਕ, ਸਾਂਤਾ ਫੇ ਕਾਊਂਟੀ ਦੇ ਸ਼ੇਰਿਫ ਨੇ ਜ਼ੀਨ ਹੈਕਮੈਨ ਅਤੇ ਉਨ੍ਹਾਂ ਦੀ ਪਤਨੀ ਦੀ ਮੌਤ ਦੀ ਖ਼ਬਰ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ,'ਅਸੀ ਕਨਫਰਮ ਕਰਦੇ ਹਾਂ ਕਿ 95 ਸਾਲਾ ਜ਼ੀਨ ਹੈਕਮੈਨ ਅਤੇ ਉਨ੍ਹਾਂ ਦੀ 63 ਸਾਲਾ ਪਤਨੀ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਸਨਸੈਟ ਟ੍ਰੇਲ (ਨਿਊ ਮੈਕਸਿਕੋ) ਵਿੱਚੋ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ, ਹਾਲਾਂਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਅਪਰਾਧਿਕ ਸਾਜ਼ਿਸ਼ ਸ਼ਾਮਲ ਹੈ।

## ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਨੇ 9ਵਾਂ ਕੰਨਿਆਦਾਨ ਸਮਾਗਮ ਕਰਵਾਇਆ

**ਜਲੰਧਰ (ਵਿਵੇਕ ਭਾਟੀਆ)** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆ ਦਾਨ ਸੰਸਥਾ (ਰਜਿ।) ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਆਗਮਨ ਪੁਰਬ ਨੂੰ



ਸਮਰਪਿਤ 5 ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਮਿਤੀ 23 ਫਰਵਰੀ, 2025 ਦਿਨ ਐਤਵਾਰ ਨੂੰ ਸਿਟੀ ਕਮਿਊਨਿਟੀ ਹਾਲ, ਮੁਹੱਲਾ ਸਿੱਧ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕੀਤੇ ਗਏ। ਸੰਸਥਾ ਦੇ ਚੇਅਰਮੈਨ ਪਰਮਜੀਤ ਮਡਾਰ ਤੇ ਪ੍ਰਧਾਨ ਬੀਰ ਚੰਦ ਸੁਰੀਲਾ ਤੇ ਸਾਥੀਆਂ ਦੇ ਸਹਿਯੋਗ ਸਦਕਾ ਇਹ 9ਵਾਂ ਕੰਨਿਆ ਦਾਨ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਹਨਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾਂ ਦੇ ਮੈਂਬਰਾਂ ਦਾ ਉਘਾ ਯੋਗਦਾਨ ਰਿਹਾ। ਕੰਨਿਆਦਾਨ ਨੂੰ ਉੱਤਮ ਦਾਨ ਸਮਝ ਕੇ ਨਗਰ ਨਿਵਾਸੀਆਂ ਨੇ ਵੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ। ਇਸ ਮੌਕੇ ਮੁੱਖ ਮਹਿਮਾਨਾਂ ਵੱਲੋਂ ਕੰਨਿਆਦਾਨ ਦੇ ਨਾਲ ਨਾਲ ਸਿੱਖਿਆ, ਖੇਡਾਂ ਅਤੇ ਮੈਡੀਕਲ ਕੈਂਪ ਲਗਾ ਕੇ ਪਰਉਪਕਾਰ ਦੇ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਬੀਰ ਚੰਦ ਸੁਰੀਲਾ, ਉਪ ਪ੍ਰਧਾਨ ਸ. ਸਰਵਣ ਸਿੰਘ ਅਤੇ ਮੁੱਖ ਸਲਾਹਕਾਰ ਸੁਰੇਸ਼ ਕਲੇਰ, ਪ੍ਰੈਸ ਸਕੱਤਰ ਬਲਰਾਜ ਸਿੰਘ ਨੇ ਪੰਜਵੇਂ ਕੰਨਿਆਦਾਨ ਸਮਾਗਮ 'ਚ ਸਹਿਯੋਗ ਦੇਣ ਵਾਲੇ ਹਰ ਸਹਿਯੋਗੀ ਦਾ ਤਹਿਦਿਲੋਂ ਧੰਨ-ਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇ ਕੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਫ਼ਲ ਬਨਾਉਣ ਲਈ ਹੌਂਸਲਾ ਦਿੰਦੇ ਰਹਿਣ ਦੀ ਬੇਨਤੀ ਕੀਤੀ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮਾਗਮ ਵਿਚ ਸ਼ਿਰਕਤ ਕਰਕੇ ਸੰਸਥਾ ਦਾ ਮਾਣ ਵਧਾਇਆ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਿਚ, ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਸੰਤੋਖ ਸਿੰਘ, ਦਵਿੰਦਰ ਸੁਰੀਲਾ, ਖਜਾਨਚੀ ਹਰੀਸ਼ ਵਿਰਦੀ, ਜਗਦੀਪ ਵਾਲੀਆ, ਬਾਬਾ ਜਗੀਰ ਸਿੰਘ, ਲੰਬੜਦਾਰ ਨਛੱਤਰ ਕਲੇਰ, ਭੱਟੀ, ਐਡ. ਜਗਜੀਵਨ ਰਾਮ, ਡਾ. ਮੱਖਣ ਲਾਲ, ਗੁਰਪ੍ਰੀਤ ਕਲੇਰ, ਰਜਿੰਦਰ ਕੁਮਾਰ, ਸੰਜੀਵ ਭੱਟੀ, ਵਿਸ਼ਾਲ ਰੇਰੂ, ਬਾਬਾ, ਤਰਸੇਮ ਬੱਧਣ, ਆਦਿ ਨੇ ਵਿਸ਼ੇਸ਼ ਸਹਿਯੋਗ ਪਾਇਆ।

## ਮਿਸ ਵਰਲਡ ਬਣਨ ਤੋਂ ਬਾਅਦ ਪ੍ਰਿਯੰਕਾ ਚੋਪੜਾ ਦਾ ਬਰੇਲੀ ਵਿੱਚ ਨਹੀਂ ਹੋਇਆ ਸੀ ਸਵਾਗਤ



ਪ੍ਰਿਯੰਕਾ ਚੋਪੜਾ ਅੱਜ ਇੱਕ ਗਲੋਬਲ ਸਟਾਰ ਹੈ ਅਤੇ ਹਾਲੀਵੁੱਡ ਵਿੱਚ ਬਹੁਤ ਨਾਮ ਕਮਾ ਰਹੀ ਹੈ। ਪਰ ਫਿਲਮਾਂ ਵਿੱਚ ਉਸ ਦੀ ਐਂਟਰੀ ਸਾਲ 2000 ਵਿੱਚ ਮਿਸ ਵਰਲਡ ਦਾ ਖਿਤਾਬ ਜਿੱਤਣ ਤੋਂ ਬਾਅਦ ਹੋਈ। ਪ੍ਰਿਯੰਕਾ ਨੇ ਦੱਖਣ ਸਿਨੇਮਾ ਵਿੱਚ ਸ਼ੁਰੂਆਤ ਕੀਤੀ ਅਤੇ ਫਿਰ ਬਾਲੀਵੁੱਡ ਵਿੱਚ ਵੀ ਆਪਣਾ ਨਾਮ ਬਣਾਇਆ। ਪਰ ਪ੍ਰਿਯੰਕਾ ਨੂੰ ਇਸ ਅਹੁਦੇ ਤੱਕ ਪਹੁੰਚਣ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲੀ ਵੱਡੀ ਸਮੱਸਿਆ ਉਦੋਂ ਆਈ ਜਦੋਂ ਮਿਸ ਵਰਲਡ ਬਣਨ ਤੋਂ ਬਾਅਦ, ਪ੍ਰਿਯੰਕਾ ਦਾ ਉਸਦੇ ਜੱਦੀ ਸ਼ਹਿਰ ਬਰੇਲੀ ਵਿੱਚ ਸਵਾਗਤ ਨਹੀਂ ਕੀਤਾ ਗਿਆ। ਉਸ ਦੀ ਮਾਂ ਮਧੂ ਚੋਪੜਾ ਨੇ ਕਿਹਾ, 'ਬਰੇਲੀ ਵਿੱਚ ਸਾਡਾ ਸਵਾਗਤ ਬਿਲਕੁਲ ਵੀ ਚੰਗਾ ਨਹੀਂ ਸੀ।' ਸਰਕਾਰੀ ਤੰਤਰ ਨੇ ਕਿਹਾ ਕਿ ਇਹ ਔਰਤਾਂ ਦਾ ਸ਼ੋਸ਼ਣ ਹੈ ਅਤੇ ਅਸੀਂ ਇਸਨੂੰ ਸਵੀਕਾਰ ਨਹੀਂ ਕਰਾਂਗੇ। ਨਹੀਂ ਤਾਂ, ਮਿਸ ਵਰਲਡ ਇੱਕ ਅਜਿਹੀ ਚੀਜ਼ ਹੈ ਕਿ ਇਹ ਜਿੱਤਣ ਵਾਲੀ ਕੁੜੀ ਭਾਵੇਂ ਕਿਸੇ ਵੀ ਸ਼ਹਿਰ ਦੀ ਹੋਵੇ, ਉਸ ਸ਼ਹਿਰ ਨੂੰ ਉਸਦਾ ਸਵਾਗਤ ਕਰਨਾ ਹੀ ਪੈਂਦਾ ਹੈ। ਭਾਵੇਂ ਉਹ ਇੱਕ ਛੋਟੇ ਜਿਹੇ ਪਿੰਡ ਦਾ ਹੋਵੇ, ਉਸਨੂੰ ਉਸਦਾ ਸਵਾਗਤ ਕਰਨ ਲਈ ਉੱਥੇ ਜਾਣਾ ਪੈਂਦਾ ਹੈ।

## ਰਾਜ ਕਪੂਰ ਦੀ ਲਾਲਟੇਨ ਪੀ.ਐੱਮ. ਮੋਦੀ ਨੂੰ ਕਪੂਰ ਪਰਿਵਾਰ ਨੇ ਦਿੱਤਾ ਖਾਸ ਤੋਹਫ਼ਾ

ਤੁਹਾਨੂੰ ਯਾਦਗਰ ਲਾਲਟੇਨ ਯਾਦ ਹੈ ਰਾਜ ਕਪੂਰ ਨੇ 1960 ਵਿੱਚ ਆਪਣੀ ਬਲੈਕ ਐਂਡ ਵਾਈਟ ਕਲਾਸਿਕ ਫਿਲਮ 'ਜਿਸ ਦੇਸ਼ ਵਿੱਚ ਗੰਗਾ ਬਹਿਤੀ ਹੈ' ਵਿੱਚ ਵਰਤਿਆ



ਸੀ? ਹੁਣ ਤੁਸੀਂ ਉਸ ਲਾਲਟੇਨ ਨੂੰ 'ਪ੍ਰਧਾਨ ਮੰਤਰੀ ਮਿਊਜ਼ੀਅਮ' ਵਿੱਚ ਇੱਕ ਪ੍ਰਦਰਸ਼ਨੀ ਦੇਖ ਸਕਦੇ ਹੋ। ਰਾਜ ਕਪੂਰ ਦੀ 100ਵੀਂ ਜੈਅੰਤੀ ਦੇ ਮੌਕੇ 'ਤੇ ਪੀ.ਪੀ. ਫਿਲਮ ਦੇ ਇਸ ਮਹਾਨ ਸਿਤਾਰੇ ਨੂੰ ਸ਼ਰਧਾਂਜਲੀ ਦਿੱਤੀ ਹੈ। ਹੁਣ ਲਾਲਟੇਨ ਨੂੰ ਪਿੰਗ ਮਿਊਜ਼ਿਕ ਨੂੰ ਦਾਨ ਕੀਤਾ ਹੈ।

ਪ੍ਰਧਾਨ ਮੰਤਰੀ ਅਜਾਇਬ ਘਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਲਾਲਟੈਣ ਨਾ ਸਿਰਫ਼ ਸਿਨੇਮਾ ਦੀ ਦੁਨੀਆ ਵਿੱਚ ਰਾਜ ਕਪੂਰ ਦੇ ਯੋਗਦਾਨ ਨੂੰ ਦਰਸਾਉਂਦੀ ਹੈ, ਸਗੋਂ ਇਹ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਆਧੁਨਿਕ ਭਾਰਤ ਦੇ ਵਿਕਾਸ ਵਿਚਕਾਰ ਸਬੰਧ ਨੂੰ ਵੀ ਮਜ਼ਬੂਤ ਕਰਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਲਾਲਟਨ ਭਾਰਤੀ ਮਨੋਰੰਜਨ 'ਤੇ ਕਪੂਰ ਪਰਿਵਾਰ ਦੇ ਪ੍ਰਭਾਵ ਦਾ ਸਬੂਤ ਹੈ ਅਤੇ ਇਹ ਰਾਜ ਕਪੂਰ ਦੇ ਫਿਲਮ ਉਦਯੋਗ 'ਤੇ ਪ੍ਰਭਾਵ ਦੀ ਯਾਦ ਦਿਵਾਏਗਾ। ਪਿਛਲੇ ਦਸੰਬਰ ਵਿੱਚ, ਕਪੂਰ ਪਰਿਵਾਰ ਪ੍ਰਧਾਨ ਮੰਤਰੀ ਨੂੰ ਮਿਲਿਆ ਅਤੇ ਗੱਲਬਾਤ ਕੀਤੀ। ਇਸ ਵਿੱਚ, ਰਾਜ ਕਪੂਰ ਦੇ ਭਾਰਤੀ ਸਿਨੇਮਾ ਵਿੱਚ ਯੋਗਦਾਨ ਬਾਰੇ ਚਰਚਾ ਕੀਤੀ ਗਈ।

## (ਮਿੰਨੀ ਕਹਾਣੀ) ਸ਼ਰਮ

ਬੱਸ ਅੱਡੇ 'ਤੇ ਖੜੀਆਂ ਚਾਰ ਸਰਕਾਰੀ ਨੌਕਰ ਬੀਬੀਆਂ ਨੂੰ ਪ੍ਰਾਈਵੇਟ ਬੱਸ ਦੇ ਕੰਡਕਟਰ ਨੇ ਜਦੋਂ ਜਾਣ ਲਈ ਬੋਲਿਆ ਤਾਂ ਉਹ ਇਸ ਤਰ੍ਹਾਂ ਮਹਿਸੂਸ ਕਰਾ ਰਹੀਆਂ ਸਨ,ਜਿਵੇਂ ਉਹਨਾਂ ਜਾਣਾ ਹੀ ਨਾ ਹੋਵੇ।

ਬੱਸ ਕੰਡਕਟਰ ਨੇ ਉਹਨਾਂ ਨੂੰ ਘੱਟ ਕਿਰਾਇਆ ਦੇਣ ਦੀ ਗੱਲ ਵੀ ਕਹੀ, ਫਿਰ ਵੀ ਉਹਨਾਂ ਅਣਸੁਣਿਆ ਕਰ ਦਿੱਤਾ।ਅੰਤ ਤਿੰਨ ਟਿਕਟਾਂ ਦੀ ਆਫਰ ਵੀ ਦਿੱਤੀ। ਪਰ ਉਹ ਫਿਰ ਵੀ ਟੱਸ ਤੋਂ ਮੱਸ ਨਹੀਂ ਹੋਈਆਂ, ਕਿਉਂਕਿ ਇਸ ਪਿੱਛੇ ਸਰਕਾਰੀ ਬੱਸ ਦਾ ਟਾਈਮ ਸੀ।

ਸਰਕਾਰੀ ਬੱਸ ਅਚਾਨਕ ਖਰਾਬ ਹੋ ਜਾਣ ਕਾਰਣ ਟਾਈਮ ਮਿਸ ਹੋ ਗਿਆ। ਪ੍ਰਾਈਵੇਟ ਬੱਸ 2 ਘੰਟੇ ਬਾਅਦ ਸ਼ਹਿਰ ਤੋਂ ਵਾਪਿਸ ਆਕੇ ਜਦੋਂ ਬੱਸ ਉਸੇ ਅੱਡੇ ਤੇ ਰੁਕੀ ਤਾਂ ਕੰਡਕਟਰ ਨੇ ਦੇਖਿਆ, ਸਰਕਾਰੀ ਬੱਸ ਦੀ ਉਡੀਕ 'ਚ ਆਧਾਰ ਕਾਰਡ ਵਾਲੀਆਂ ਬੀਬੀਆਂ ਅਜੇ ਵੀ ਅੱਡੇ ਤੇ ਖੜੀਆਂ ਸਨ ਅਤੇ ਕੰਡਕਟਰ ਨਾਲ ਨਜ਼ਰ ਮਿਲਾਉਣ ਤੋਂ ਸ਼ਰਮ ਮਹਿਸੂਸ ਕਰ ਰਹੀਆਂ ਸਨ, ਕਿਉਂਕਿ ਵਾਪਿਸ ਮੁੜਦੀ ਹੁਣ ਇਹੋ ਬੱਸ 'ਤੇ ਜਾਣਾ ਪੈਣਾ ਸੀ ਅਤੇ ਕਿਰਾਇਆ ਵੀ ਪੂਰਾ ਲੱਗਣਾ ਸੀ।

**- ਇੰਜੀ. ਸਤਨਾਮ ਸਿੰਘ ਮੱਟੂ**
**91-97797-08257**

# ਉੜਾਪੜ ਵਿਖੇ ਕਰਵਾਇਆ ਪੰਜ ਦਿਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**–ਵਿਧਾਨ ਸਭਾ ਹਲਕਾ ਨਵਾਂਸ਼ਹਿਰ ਦੇ ਪਿੰਡ ਉੜਾਪੜ ਵਿਖੇ ਸ਼ਹੀਦ-ਏ-ਆਜ਼ਮ ਫੁੱਟਬਾਲ ਸਪੋਰਟਸ ਕਲੱਬ ਉੜਾਪੜ ਵੱਲੋਂ ਸਵ. ਭੁਪਿੰਦਰ ਸਿੰਘ ਸਾਧ ਪੁੱਤਰ ਕਮਲਜੀਤ ਸਿੰਘ ਦੀ ਯਾਦ ਵਿੱਚ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ 5 ਦਿਨਾਂ ਫੁਟਬਾਲ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸੰਪੂਰਨ ਹੋ ਗਿਆ। ਜਿਸ ਵਿੱਚ 24 ਫੁੱਟਬਾਲ ਟੀਮਾਂ ਦੇ ਫਸਵੇਂ ਮੁਕਾਬਲੇ ਹੋਏ ਜਿਨਾਂ 'ਚੋਂ ਫਾਈਨਲ ਮੁਕਾਬਲੇ ਵਿੱਚ ਉੜਾਪੜ ਦੀ ਟੀਮ ਨੇ ਰਾਏਪੁਰ ਅਰਾਈਆਂ ਦੀ ਟੀਮ ਨੂੰ ਹਰਾਕੇ ਪਹਿਲੇ ਇਨਾਮ 41ਹਜ਼ਾਰ ਤੇ ਕਬਜ਼ਾ ਕੀਤਾ।ਇਸ ਦੌਰਾਨ ਵੱਖ-ਵੱਖ ਸਮੇਂ ਜਿੱਥੇ ਸ਼੍ਰੋਮਣੀ ਕਮੇਟੀ ਮੈਂਬਰ ਮਹਿੰਦਰ ਸਿੰਘ ਹੁਸੈਨਪੁਰ,ਗੁਰਬਖਸ਼ ਸਿੰਘ ਖਾਲਸਾ, ਉੱਘੇ ਸਮਾਜ ਸੇਵੀ ਬਰਜਿੰਦਰ ਸਿੰਘ ਹੁਸੈਨਪੁਰ ਅਤੇ ਉੱਘੇ ਸਮਾਜ ਸੇਵੀ ਗੁਰਚਰਨ ਸਿੰਘ ਨੌਰਵੇ (ਚੱਕਦਾਨਾ) ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪੁੱਜੇ ਜਿਨਾਂ ਦਾ ਪ੍ਰਬੰਧਕਾਂ ਵੱਲੋਂ ਸਵਾਗਤ ਅਤੇ ਧੰਨਵਾਦ ਕਰਨ ਪੁੱਜੇ ਉੱਥੇ ਹੀ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਅਤੇ ਉਨਾਂ ਨਾਲ ਲਲਿਤ ਮੋਹਨ ਪਾਠਕ ਹਲਕਾ ਇੰਚਾਰਜ ਨਵਾਂਸ਼ਹਿਰ ਅਤੇ ਵਿਧਾਇਕ ਡਾ. ਸੁਖਵਿੰਦਰ ਸੁਖੀ ਜਿਨਾਂ ਵੱਲੋਂ ਜਿੱਥੇ ਖਿਡਾਰੀਆਂ ਨੂੰ ਅਸ਼ੀਰਵਾਦ ਦੇ ਕੇ ਫਾਈਨਲ ਮੈਚ ਆਰੰਭ ਕਰਵਾਇਆ ਗਿਆ ਉੱਥੇ ਹੀ ਉਨ੍ਹਾਂ ਵੱਲੋਂ ਇਨਾਮਾਂ ਦੀ ਵੰਡ ਦੇ ਨਾਲ-ਨਾਲ ਕਈ ਮਾਣ-ਸਨਮਾਨ ਵੀ ਕੀਤੇ ਗਏ।

ਇਸ ਮੌਕੇ ਬੋਲਦਿਆਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਆਖਿਆ ਕਿ ਪੰਜਾਬ ਸਰਕਾਰ ਜਿੱਥੇ ਪੰਜਾਬ ਦੇ ਬਾਕੀ ਮਸਲਿਆਂ ਤੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਉੱਥੇ ਹੀ ਖੇਡਾਂ ਦੇ ਮਾਮਲੇ ਨੂੰ ਲੈ ਕੇ ਵੀ ਪੂਰੀ ਤਰਾਂ ਗੰਭੀਰ ਹੈ ਕਿਉਂਕਿ ਜਦੋਂ ਤੱਕ ਨੌਜਵਾਨ ਖੇਡਾਂ ਨਾਲ ਨਹੀਂ ਜੁੜਦੇ ਉਦੋਂ ਤੱਕ ਨਾ ਤਾਂ ਪੰਜਾਬ ਤਰੱਕੀ ਕਰ ਸਕਦਾ ਹੈ ਅਤੇ ਨਾ ਹੀ ਨਸ਼ਿਆਂ ਦਾ ਖਾਤਮਾ ਹੋ ਸਕਦਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਬੁੱਧੀਜੀਵੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਟਾਂਕ ਅਤੇ ਸਰਪੰਚ ਭੁਪਿੰਦਰ ਸਿੰਘ ਵਲੋਂ ਸਾਰੀਆਂ ਸ਼ਖਸ਼ੀਅਤਾਂ ਦਾ ਇੱਥੇ ਪੁੱਜਣ ਤੇ ਧੰਨਵਾਦ ਕੀਤਾ ਗਿਆ ਅਤੇ ਪਤਵੰਤਿਆਂ ਤੇ ਪ੍ਰਬੰਧਕਾਂ ਨੂੰ ਨਾਲ ਲੈਕੇ ਉਨ੍ਹਾਂ ਦਾ ਮਾਣ ਸਨਮਾਨ ਵੀ ਕੀਤਾ ਗਿਆ। ਇਨਾਮਾਂ ਦੀ ਵੰਡ ਉਪਰੰਤ ਅੰਤ ਵਿੱਚ ਕਲਾਕਾਰ ਮਿੰਦਾ ਸਿੰਘ ਵੱਲੋਂ ਲੰਮਾ ਸਮਾਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਇਸ ਮੌਕੇ ਸਾਬਕਾ ਸਰਪੰਚ ਅਜਮੇਰ ਸਿੰਘ ਨੰਗਲ ਜੱਟਾਂ, ਹਰਬੰਸ ਸਿੰਘ ਨਾਮਧਾਰੀ ਔੜ, ਗੁਰਦੇਵ ਸਿੰਘ, ਸੁਰਜੀਤ ਸਿੰਘ ਪੰਚ, ਕਸ਼ਮੀਰ ਲਾਲ ਪੰਚ, ਪਰਮਜੀਤ ਸਿੰਘ ਪੰਮਾ ਪੰਚ, ਮਾਸਟਰ ਭਜਨ ਸਿੰਘ ਸਾਧ, ਡਾ. ਬਿੱਟੂ ਪਾਬਲਾ, ਮਹਿੰਗਾ ਸਿੰਘ, ਮਾਸਟਰ ਬਲਵੀਰ ਸਿੰਘ, ਅਮਰੀਕ ਸਿੰਘ, ਸ਼ਲਿੰਦਰ ਸਿੰਘ, ਸਰਪੰਚ ਸੋਹਣ ਸਿੰਘ ਬੁਰਜ ਟਹਿਲ ਦਾਸ, ਅਤੇ ਰਾਜਨ ਸਰਪੰਚ ਫਾਂਬੜਾ ਤੋਂ ਇਲਾਵਾ ਹੋਰ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।




# ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਥਾਂਦੀਆਂ ਵਲੋਂ ਸੇਵਾ ਸੋਸਾਇਟੀ ਬੰਗਾ ਦੇ ਅਹੁਦੇਦਾਰਾਂ ਦਾ ਕੀਤਾ ਸਨਮਾਨ




**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**–ਇਲਾਕੇ ਵਿੱਚ ਸਮਾਜ ਸੇਵੀ ਕਾਰਜਾਂ ਵਿੱਚ ਅਹਿਮ ਰੋਲ ਨਿਭਾਉਣ ਵਾਲੀ ਸੇਵਾ ਸੋਸਾਇਟੀ ਬੰਗਾ ਦਾ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਹਸਪਤਾਲ ਥਾਂਦੀਆ ਵਲੋ ਸਾਰੇ ਅਹੁਦੇਦਾਰ ਸਾਹਿਬਾਨਾਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਇਸ ਮੌਕੇ ਡਾ ਬਲਵੀਰ ਕੁਮਾਰ ਬੱਲ ਨੇ ਆਖਿਆ ਕਿ ਬੜੇ ਲੰਬੇ ਸਮੇਂ ਤੋ ਇਲਾਕੇ ਵਿੱਚ ਮੁਫਤ ਮੈਡੀਕਲ ਚੈੱਕਅਪ ਕੈਂਪ, ਲੋੜਵੰਦ ਮਰੀਜਾਂ ਨੂੰ ਵੀਲਚੇਅਰ, ਸਕੂਲੀ ਬੱਚਿਆ ਨੂੰ ਬੂਟ ਕਾਪੀਆਂ ਕਿਤਾਬਾਂ, ਵਾਤਾਵਰਣ ਨੂੰ ਸਾਫ ਰੱਖਣ ਲਈ ਬੂਟੇ ਲਗਾਉਣਾ ਆਦਿ ਕੀਤੇ ਜਾ ਰਹੇ ਹਨ ਡਾ ਬੱਲ ਨੇ ਆਖਿਆ ਕਿ ਸਮਾਜ ਦੇ ਬਹੁਤੇ ਕਾਰਜ ਐਨਆਰਆਈ ਵੀਰ ਤੇ ਸਮਾਜ ਸੇਵੀ ਸੰਸਥਾਵਾ ਕਰ ਰਹੀਆ ਹਨ ਜੋ ਕਿ ਸਲਾਘਾਯੋਗ ਕਾਰਜ ਅਤੇ ਸਮੂਹ ਸੋਸਾਇਟੀ ਦੇ ਅਹੁਦੇਦਾਰ ਸਾਹਿਬਾਨ ਵਧਾਈ ਦੇ ਪਾਤਰ ਹਨ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਸੋਸਾਇਟੀ ਕਾਰਜ ਕਰਦੀ ਰਹੇਗੀ।

ਇਸ ਮੌਕੇ ਡਾ. ਰਾਜ ਕੁਮਾਰ, ਸਰਪ੍ਰਸਤ ਬਲਦੀਸ਼ ਕੌਰ ਬੰਗਾ, ਪ੍ਰਧਾਨ ਸੁਰਿੰਦਰ ਸਿੰਘ ਖਟਕੜ ਪ੍ਰੋਜੈਕਟ ਮੈਨੇਜਰ ਸਤਨਾਮ ਸਿੰਘ ਖਟਕੜ, ਹੰਸ ਰਾਜ ਤੇ ਬਲਵੀਰ ਰਾਏ ਹਾਜ਼ਰ ਸਨ।

# ਯੂਏਈ ’ਚ ਭਾਰਤੀ ਔਰਤ ਨੂੰ ਫਾਂਸੀ ਦਿੱਤੀ

ਨਵੀਂ ਦਿੱਲੀ- ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਚਾਰ ਮਹੀਨੇ ਦੇ ਬੱਚੇ ਦੀ ਹੱਤਿਆ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀ 33 ਸਾਲਾ ਭਾਰਤੀ ਮਹਿਲਾ ਨੂੰ ਅਧਿਕਾਰੀਆਂ ਨੇ ਫਾਂਸੀ ਦੇ ਦਿੱਤੀ ਹੈ। ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਦੀ ਰਹਿਣ ਵਾਲੀ ਸ਼ਹਿਜ਼ਾਦੀ ਖਾਨ ਨੂੰ 15 ਫਰਵਰੀ ਨੂੰ ਫਾਂਸੀ ਦਿੱਤੀ ਗਈ ਸੀ। ਭਾਰਤੀ ਮਹਿਲਾ ਨੂੰ ਫਾਂਸੀ ਦੇਣ ਬਾਰੇ ਅਬੂ ਧਾਬੀ ਵਿੱਚ ਭਾਰਤੀ ਦੂਤਾਵਾਸ ਨੂੰ 28 ਫਰਵਰੀ ਨੂੰ ਰਸਮੀ ਤੌਰ ’ਤੇ ਸੂਚਿਤ ਕੀਤਾ ਗਿਆ। ਖ਼ਾਨ ਦਾ ਪਰਿਵਾਰ ਸਦਮੇ ਤੇ ਸੋਗ ਵਿਚ ਹੈ। ਸ਼ਹਿਜ਼ਾਦੀ ਦੇ ਪਿਤਾ ਸ਼ਬੀਰ ਖਾਨ ਆਪਣੀ ਧੀ ਦੀ ਖੈਰ ਖ਼ਬਰ ਜਾਣਨ ਲਈ ਭੱਜ ਨੱਸ ਕਰ ਰਹੇ ਸਨ, ਪਰ ਉਹ ਇਸ ਗੱਲੋਂ ਅਣਜਾਣ ਸਨ ਕਿ ਧੀ ਨੂੰ ਫਾਂਸੀ ਪਹਿਲਾਂ ਹੀ ਹੋ ਚੁੱਕੀ ਹੈ। ਖਾਨ ਨੇ ਆਪਣੀ ਧੀ ਦੀ ਖੈਰ ਖ਼ਬਰ ਜਾਣਨ ਲਈ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ। ਇਸ ਕਾਨੂੰਨੀ ਕਾਰਵਾਈ ਦੌਰਾਨ ਹੀ ਵਧੀਕ ਸੌਲੀਸਿਟਰ ਜਨਰਲ (ਏਐੱਸਜੀ) ਚੇਤਨ ਸ਼ਰਮਾ ਨੇ ਇਸ ਭਿਆਨਕ ਸੱਚ ਦਾ ਖੁਲਾਸਾ ਕੀਤਾ ਕਿ ਸ਼ਹਿਜ਼ਾਦੀ ਨੂੰ ਪਹਿਲਾਂ ਹੀ ਯੂਏਈ ਕਾਨੂੰਨ ਮੁਤਾਬਕ ਫਾਂਸੀ ਦਿੱਤੀ ਜਾ ਚੁੱਕੀ ਹੈ। ਅਦਾਲਤ ਨੇ ਇਸ ਪੂਰੇ ਘਟਨਾਕ੍ਰਮ ਨੂੰ ‘ਦੁਖਦਾਈ’ ਤੇ ਮੰਦਭਾਗਾ ਦੱਸਿਆ, ਪਰ ਕੋਈ ਹੋਰ ਕਾਨੂੰਨੀ ਰਾਹ ਨਾ ਬਚੇ ਹੋਣ ਕਰਕੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਖ਼ਾਨ ਨੂੰ 5 ਮਾਰਚ ਨੂੰ ਅਬੂ ਧਾਬੀ ਵਿੱਚ ਸਪੁਰਦੇ ਖਾਕ ਕੀਤਾ ਜਾਵੇਗਾ। ਸ਼ਹਿਜ਼ਾਦੀ ਖਾਨ ਅਬੂ ਧਾਬੀ ਵਿੱਚ ਇੱਕ ਤਿਮਾਰਦਾਰ ਵਜੋਂ ਕੰਮ ਕਰ ਰਹੀ ਸੀ ਜਦੋਂ ਉਸ ਦੇ ਮਾਲਕ ਦੇ ਬੱਚੇ ਦੀ 7 ਦਸੰਬਰ, 2022 ਨੂੰ ਨਿਯਮਤ ਟੀਕਾਕਰਨ ਤੋਂ ਥੋੜ੍ਹੀ ਦੇਰ ਬਾਅਦ ਮੌਤ ਹੋ ਗਈ। ਉਸ ਨੂੰ ਫਰਵਰੀ 2023 ਵਿੱਚ ਗ੍ਰਿ-ਫਤਾਰ ਕੀਤਾ ਗਿਆ ਸੀ ਅਤੇ ਜੁਲਾਈ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ।


# ਪੁਸਤਕ ਸਮੀਖਿਆ

**ਕੁੱਜੇ ਵਿੱਚੋਂ ਸਮੁੰਦਰ, ਵੰਗਾਰ ਅਤੇ ਹਲੂਣਾ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਸੁੱਚਾ ਸਿੰਘ ਮਾਨ**
**ਪ੍ਰਕਾਸ਼ਕ: ਖੁਦ ਕਵੀ, ਪੰਨੇ 40 ਅਤੇ 126**

ਪ੍ਰਸਿੱਧ ਸ਼ਾਇਰ ਸੁੱਚਾ ਸਿੰਘ ਮਾਨ ਹੁਰਾਂ ਆਪਣੇ ਜੀਵਨ ਦਾ ਮਨੋਰਥ ਸਮਾਜ ਨੂੰ ਉਚੇਰੀਆਂ ਕਦਰਾਂ ਕੀਮਤਾਂ ਨਾਲ ਲੈਸ ਕਰਨ ਦਾ ਬਣਾਇਆ ਹੋਇਆ ਹੈ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਦੇਸ਼ ਵਿਦੇਸ਼ ਵਿੱਚ ਧਾਰਮਿਕ, ਸਮਾਜਿਕ, ਰਾਜਸੀ ਅਤੇ ਆਰਥਿਕ ਵਿਸ਼ਿਆਂ ਨਾਲ ਸੰਬੰਧਿਤ ਕਵਿਤਾਵਾਂ ਦੀ ਸਿਰਜਣਾ ਕਰਦੇ ਹਨ। ਫਿਰ ਇਹਨਾਂ ਪੁਸਤਕਾਂ ਵਿੱਚ ਦਰਜ ਕਰਕੇ ਪਾਠਕਾਂ ਤੱਕ ਮੁਫਤ ਪੁੱਜਦੀਆਂ ਕਰਦੇ ਹਨ। ਇਹਨਾਂ ਯਤਨਾਂ ਨਾਲ ਉਹ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦਾ ਖਾਤਮਾ ਅਤੇ ਧਾਰਮਿਕ ਗਿਰਾਵਟਾਂ ਦਾ ਅੰਤ ਕਰਨ ਦੇ ਆਹਰ ਵਿੱਚ ਜੁਟੇ ਹੋਏ ਹਨ। ਇੱਥੇ ਹੀ ਬੱਸ ਨਹੀਂ ਉਹ ਦੇਸ਼ ਵਿਦੇਸ਼ ਵਿੱਚ ਚੱਲਦੀਆਂ ਸਮਾਜ ਭਲਾਈ ਗਤੀਵਿਧੀਆਂ ਵਿੱਚ ਵੀ ਆਪਣਾ ਹਿੱਸਾ ਪਾਉਂਦੇ ਰਹਿੰਦੇ ਹਨ। ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਧਾਰਮ ਦਾ ਪ੍ਰਚਾਰ ਕਰਨਾ। ਫਿਰ ਸਮਾਜਿਕ ਜੀਵਨ ਨੂੰ ਸੰਵਾਰਨਾ ਤੇ ਸ਼ਿੰਗਾਰਨਾ ਉਹਨਾਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ। ਜਿਸ ਵਾਸਤੇ ਉਹ ਆਪਣੇ ਸੰਗੀ ਸਾਥੀਆਂ ਲਈ ਵੀ ਪ੍ਰੇਰਨਾ ਦਾ ਸੋਮਾ ਬਣਦੇ ਹਨ। ਉਹ ਅੱਜ ਤੱਕ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਕੇ ਪਾਠਕਾਂ ਦੇ ਹੱਥਾਂ ਤੱਕ ਪੁੱਜਦੀਆਂ ਕਰ ਚੁੱਕੇ ਹਨ। ਆਪ ਸਟੇਜੀ ਕਵਿਤਾ ਦੇ ਮਾਹਿਰ ਕਵੀ ਅਤੇ ਵਿਦਵਾਨ ਹਨ। ਜਦੋਂ ਸਟੇਜ ਤੇ ਕਵਿਤਾ ਪੇਸ਼ ਕਰਦੇ ਹਨ ਤਾਂ ਦਰਸ਼ਕ ਮੰਤਰ ਮੁਗਧ ਹੋਏ ਉਨ੍ਹਾਂ ਦੀ ਲੈਅ ਦੇ ਨਾਲ ਇਕ ਸੁਰ ਹੋ ਜਾਂਦੇ ਹਨ। ਇਹ ਉਨ੍ਹਾਂ ਦੀ ਕਵਿਤਾ ਦਾ ਜਾਦੂਈ ਕਮਾਲ ਹੈ। ਜਿਸ ਵਾਸਤੇ ਉਨ੍ਹਾਂ ਸਾਰੀ ਉਮਰ ਘਲਣਾ ਘਾਲੀ ਹੈ। ਖੁਦ ਮਿਹਨਤ ਕੀਤੀ ਅਤੇ ਆਲੇ ਦੁਆਲੇ ਨੂੰ ਮਿਹਨਤੀ ਬਣਾਇਆ। ਕਨੇਡਾ ਦੇ ਬੀ ਸੀ ਸੂਬੇ ਦੇ ਸ਼ਹਿਰ ਵੈਨਕੂਵਰ ਵਿੱਚ ਗੁਰਦੁਆਰਾ ਸਿੱਖ ਅਕਾਲੀ ਦੀ ਸੇਵਾ ਕਰਨ ਵਿੱਚ ਵੀ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੈ। ਇਸ ਪ੍ਰਕਾਰ ਸੁੱਚਾ ਸਿੰਘ ਮਾਨ ਸਮਾਜ ਦੇ ਹਰ ਵਰਗ ਵਿੱਚ ਪਿਆਰੇ ਤੇ ਸਤਿਕਾਰੇ ਜਾਣ ਵਾਲੇ ਸੱਜਣ ਪੁਰਸ਼ ਹਨ। ਉਹਨਾਂ ਦੀ ਸੱਜਣਤਾਈ ਦੀ ਧੁੰਮ ਦੇਸ਼ ਵਿਦੇਸ਼ ਵਿੱਚ ਪਈ ਹੋਈ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧਮਾਈ ਦੇ ਜੰਮਪਲ ਇਹ ਸ਼ਾਇਰ ਕਦੀ ਫੁੱਟਬਾਲ ਖੇਡਦੇ ਹਨ ਤੇ ਕਦੀ ਦੇਸ਼ ਦੀ ਸੈਨਾ ਵਿੱਚ ਭਰਤੀ ਹੋ ਕੇ ਬਾਰਡਰਾਂ ਤੇ ਰਾਖੀ ਕਰਦੇ ਹਨ। ਫਿਰ ਵਿਦੇਸ਼ਾਂ ਵਿੱਚ ਜਾ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬੁਲੰਦ ਕਰਦੇ ਹਨ।

ਵਿਚਾਰ ਅਧੀਨ ਪੁਸਤਕ ਕੁੱਜੇ ਵਿੱਚੋਂ ਸਮੁੰਦਰ ਦੀਆਂ ਕਵਿਤਾਵਾਂ ਦਾ ਪਾਠ ਕਰੀਏ ਤਾਂ ਸੱਚਮੁੱਚ ਹੀ ਗਾਗਰ ਵਿੱਚ ਸਾਗਰ ਬੰਦ ਹੋਇਆ ਮਿਲਦਾ ਹੈ। ਇਹ ਉਨ੍ਹਾਂ ਦੀ ਕਾਵਿ ਕਲਾ ਦਾ ਕਮਾਲ ਹੈ ਕਿ ਉਹਨਾਂ ਕਵਿਤਾਵਾਂ ਰਾਹੀਂ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਕਰਦੇ ਹਨ। ਇਸ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਰਾਹੀਂ ਜਿੱਥੇ ਸਿੱਖ ਕੌਮ ਅਤੇ ਸਿੱਖੀ ਦੇ ਫਲਸਫੇ ਨੂੰ ਉਜਾਗਰ ਕੀਤਾ ਗਿਆ ਹੈ ਉੱਥੇ ਮਨੁੱਖੀ ਕਦਰਾਂ ਕੀਮਤਾਂ ਨੂੰ ਵੀ ਪ੍ਰਚਾਰਨ ਅਤੇ ਪ੍ਰਸਾਰਨ ਦਾ ਕਾਰਜ ਕੀਤਾ ਗਿਆ ਹੈ। ਮਨੁੱਖ ਨੂੰ ਮਨੁੱਖਤਾ ਦਾ ਕਦੀ ਵੀ ਤਿਆਗ ਨਹੀਂ ਕਰਨਾ ਚਾਹੀਦਾ। ਗੁਰੂ ਸਾਹਿਬਾਨ ਦੁਆਰਾ ਦਰਸਾਏ ਉਪਦੇਸ਼ ਨੂੰ ਜੀਵਨ ਵਿੱਚ ਅਪਣਾ ਕੇ ਇਸ ਜੀਵਨ ਨੂੰ ਚੰਗੇਰਾ ਬਣਾਉਣ ਦਾ ਸੁਨੇਹਾ ਮਿਲਦਾ ਹੈ।


ਦੂਸਰੀ ਪੁਸਤਕ 'ਵੰਗਾਰ ਅਤੇ ਹਲੂਣਾ' 87 ਕਵਿਤਾਵਾਂ ਦਾ ਸੰਗ੍ਰਹਿ ਹੈ। ਇਨਸਾਨੀ ਕਦਰਾਂ ਕੀਮਤਾਂ ਨਾਲ ਲਬਰੇਜ਼ ਇਹ ਕਵਿਤਾਵਾਂ ਹਰ ਇਨਸਾਨ ਨੂੰ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਕਰਦੀਆਂ ਹਨ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਪਖੰਡਾਂ







ਅਤੇ ਵਹਿਮਾਂ ਭਰਮਾਂ ਦੇ ਖਿਲਾਫ ਰਚੀਆਂ ਇਹ ਕਵਿਤਾਵਾਂ ਵਿਗਿਆਨਿਕ ਸੋਚ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਸਮਾਜ ਭਲਾਈ ਦੀ ਮੰਗ ਕਰਦੀਆਂ ਹਨ। ਔਰਤ ਦੀ ਨਿਰਾਦਰੀ ਭਰਿਸ਼ਟਾਚਾਰ ਹੇਰਾਫੇਰੀ ਝੂਠ ਧੋਖਾ ਆਦਿ ਐਬ ਮਨੁੱਖਤਾ ਨੂੰ ਖਾਈ ਜਾ ਰਹੇ ਹਨ। ਇਹਨਾਂ ਵਿਸ਼ਿਆਂ ਤੇ ਕਵੀ ਨੂੰ ਕਾਫੀ ਚਿੰਤਾ ਹੈ ਜਿਸ ਕਰਕੇ ਉਹ ਆਪਣ-ਿਆਂ ਕਵਿਤਾਵਾਂ ਦਾ ਵਿਸ਼ਾ ਵਸਤੂ ਇਹਨਾਂ ਨੂੰ ਬਣਾ ਕੇ ਹੀਰਾ ਜਨਮ ਅਮੋਲਕ ਆਖਦੇ ਹੋਏ ਇਸ ਦਾ ਮੁੱਲ ਪਵਾਉਂਦੇ ਹਨ।




ਕੁਝ ਕਵਿਤਾਵਾਂ ਕਨੇਡਾ ਦੇ ਜਨਜੀਵਨ ਨੂੰ ਵੀ ਪੇਸ਼ ਕਰਦੀਆਂ ਹਨ। ਪੰਜਾ-ਬੀਆਂ ਦੁਆਰਾ ਉਸ ਧਰਤੀ ਤੇ ਪਾਈਆਂ ਪੈੜਾਂ ਨੂੰ ਵੀ ਸਲਾਇਆ ਗਿਆ ਹੈ। ਦੇਸ਼ ਦੇ ਆਗੂਆਂ ਦੁਆਰਾ ਕੀਤੀ ਜਾ ਰਹੀ ਦੇਸ਼ ਦੀ ਲੁੱਟ ਨੂੰ ਦੁਰਕਾਰਿਆ ਗਿਆ ਹੈ। ਸਰਬ ਸਾਂਝੀਵਾਲਤਾ ਦੇ ਉਪਦੇਸ਼ ਰਾਹੀਂ ਸਰਬੱਤ ਦਾ ਭਲਾ ਮੰਗਣਾ ਨਹੀਂ ਸਗੋਂ ਭਲਾ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਕੁਝ ਕਵਿਤਾਵਾਂ ਲਹੂ ਭਿੱਜੇ ਇਤਿਹਾਸ ‘ਤੇ ਝਾਤੀ ਪਵਾਉਂਦੀਆਂ ਹੋਈਆਂ ਸਾਨੂੰ ਆਪਣੀ ਅਮੀਰ ਵਿਰਾਸਤ ਸੰਭਾਲਣ ਦਾ ਸੁਨੇਹਾ ਦਿੰਦੀਆਂ ਹਨ। ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਨਵੀਂ ਪਨੀਰੀ ਨੂੰ ਆਪਣੇ ਦੀਨ ਇਮਾਨ ਤੇ ਖੜੇ ਹੋਣ ਦਾ ਪਾਠ ਪੜ੍ਹਾਇਆ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਧਾਰਮਿਕ ਰਾਜਨੀਤਿਕ ਆਰਥਿਕ ਸਮਾਜਿਕ ਅਤੇ ਹਰ ਪੱਖੋਂ ਸਾਨੂੰ ਸੁਜੱਗ ਕਰਦੀ ਹੋਈ ਭਵਿੱਖ ਲਈ ਤਿਆਰ ਕਰਦੀ ਹੈ। ਦੇਸ਼ ਦੇ ਕਿਸਾਨਾਂ ਦੀ ਹਾਲਤ ਨੌਜਵਾਨਾਂ ਦੀ ਦੁਰਗਤੀ ਅਤੇ ਹੋ ਰਹੇ ਰਿਸ਼ਤਿਆਂ ਦੇ ਘਾਣ ਤੇ ਚਿੰਤਾ ਪ੍ਰਗਟਾਈ ਗਈ ਹੈ। ਸੁੱਚਾ ਸਿੰਘ ਮਾਨ ਦੁਆਰਾ ਸਿਰਜੀਆਂ ਕਵਿਤਾਵਾਂ ਸਿਰਫ ਮਸਲਾ ਹੀ ਪੇਸ਼ ਨਹੀਂ ਕਰਦੀਆਂ ਸਗੋਂ ਮਸਲੇ ਦੇ ਹੱਲ ਵੀ ਦਰਸਾਉਂਦੀਆਂ ਹਨ। ਸਮਾਜ ਵਿੱਚ ਹੋਈ ਪੈਸੇ ਦੀ ਪ੍ਰਧਾਨਤਾ ਕਾਰਨ ਰਿਸ਼ਤੇ ਨਾਤੇ ਲੀਰੋ ਲੀਰ ਹੋ ਰਹੇ ਹਨ। ਧਰਮ ਦੇ ਨਾਂ ਤੇ ਫੈਲੇ ਪਖੰਡਵਾਦ ਦਾ ਵੀ ਚਿਹਰਾ ਬੇਨਕਾਬ ਕੀਤਾ ਗਿਆ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਆਪਣੀ ਜੰਮਣ ਮਿੱਟੀ ਨੂੰ ਯਾਦ ਕਰਦੇ ਹੋਏ ਪੰਜਾਬ ਨੂੰ ਹਮੇਸ਼ਾ ਖੁਸ਼ਹਾਲ ਦੇਖਣਾ ਲੋਚਦੇ ਹਨ। ਇਸ ਪ੍ਰਕਾਰ ਇਹ ਪੁਸਤਕ ਸਾਨੂੰ ਪੁਰਾਤਨ ਸਮੇਂ ਦੀਆਂ ਘਟਨਾਵਾਂ ਦੇ ਦਰਸ਼ਨ ਕਰਵਾਉਂਦੀ ਹੋਈ ਅਧੁਨਿਕ ਸਮੇਂ ਤੱਕ ਲੈ ਆਉਂਦੀ ਹੈ ਤੇ ਮਨੁੱਖ ਨੂੰ ਆਣ ਵਾਲੇ ਸਮੇਂ ਲਈ ਵੀ ਤਿਆਰ ਕਰਦੀ ਹੈ।

ਪਰੂਫ ਰੀਡਿੰਗ ਦੀਆਂ ਕੁਝ ਗਲਤੀਆਂ ਦੇ ਬਾਵਜੂਦ ਇਹ ਪੁਸਤਕ ਸਾਨੂੰ ਸਮਕਾਲ ਦੇ ਰੂਬਰੂ ਕਰਦੀ ਹੋਈ ਇਹ ਸਮੇਂ ਦੇ ਹਾਣੀ ਬਣਾਉਣਾ ਲੋਚਦੀ ਹੈ। ਕਵੀ ਦੁਆਰਾ ਮੁਫ਼ਤ ਵੰਡੇ ਜਾ ਰਹੇ ਇਸ ਨਰੋਏ ਅਤੇ ਧਾਰਮਿਕ ਸਾਹਿਤ ਨਾਲ ਸਮਾਜ ਵਿੱਚ ਨਰੋਏਪਨ ਦੀਆਂ ਝਲਕਾਂ ਦਿਖਾਈ ਦੇਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਇਹਨਾਂ ਦਾ ਪਾਠ ਕਰਦੇ ਹੋਏ ਇਹਨਾਂ ਨੂੰ ਜੀਵਨ ਵਿੱਚ ਅਪਣਾਈਏ ਤਾਂ ਅਸੀਂ ਇੱਕ ਸੁਚੱਜੇ ਜੀਵਨ ਦੇ ਧਾਰਨੀ ਬਣ ਸਕਦੇ ਹਾਂ। ਇਹ ਪੁਸਤਕ ਜਿੱਥੇ ਸਭ ਲਈ ਪ੍ਰੇਰਨਾਦਾਇਕ, ਸਿੱਖਿਆਦਾਇਕ ਹੈ ਉਥੇ ਸਿੱਖ ਫਿਲਾਸਫੀ ਨਾਲ ਜੁੜਨ ਦੀ ਪ੍ਰੇਰਨਾ ਵੀ ਦਿੰਦੀ ਹੈ।

**ਪੁਸਤਕ ਵਿੱਚ ਦਰਜ ਕੁਝ ਕਾਬਲੀ**
**ਗੌਰ ਸ਼ੇਅਰ ਹੇਠਾਂ ਦਰਜ ਹਨ**

* ਦਸਾਂ ਨੌਹਾਂ ਦੀਆਂ ਕਮਾਈਆਂ ਵਿੱਚ ਬੜੀਆਂ ਬਰਕਤਾਂ ਨੇ ,
ਆਪਣੇ ਵਿਰਸੇ ਨੂੰ ਨਾ ਵਸਟਨ ਤਰਜ ਉੱਤੇ ਸ਼ਿੰਗਾਰੀ ਜਾਵੋ।
* ਮਾਣਸ ਜਨਮ ਪਾ ਸ਼ੁਭ ਕਰਮਨ ਤੋਂ ਡਰੀਏ ਨਾ,
ਪਾਸੇ ਕਰ ਦਈਏ ਕਮਜ਼ੋਰੀਆਂ ਕੰਮਦਿਲੀਆਂ ਨੂੰ।
* ਕੋਈ ਤਨ ਵੇਚੇ ਤੇ ਕੋਈ ਮਨ ਵੇਚੇ
ਗੈਰਤ ਵੇਚੇ ਕੋਈ ਹੋਇਆ ਗੁਲਾਮ ਜਾਪੇ। ਪਰਖ ਰਹੀ ਨਾ ਹੁਣ ਅਸਲੀ ਨਕਲੀਆਂ ਦੀ
ਧੰਨ ਦੌਲਤ ਵਾਲੇ ਨੂੰ ਹਰ ਕੋਈ ਕਰਦਾ ਸਲਾਮ ਜਾਪੇ।
ਧਮਾਈ ਵਾਲਿਆ ਧਰਮ ਦੇ ਠੇਕੇਦਾਰ ਵਿਕੇ ਹੋਏ ਨੇ
ਵਿਕਦਾ ਖੁਦਾ ਦਾ ਸੱਚਾ ਸੁੱਚਾ ਕਲਾਮ ਜਾਪੇ। ਲੋਕੀਂ ਕਹਿਣ ਜੱਗ ਹੋਇਆ ਖੁਸ਼ਹਾਲ
ਸਾਰਾ, ਮਾਨ ਭੁੱਖਾ ਮੈਨੂੰ ਸਾਰਾ ਹੀ ਨਿਜ਼ਾਮ ਜਾਪੇ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਪ੍ਰਸਿੱਧ ਗਾਇਕ ਮਕਬੂਲ ਨੂੰ ਸਦਮਾ, ਵੱਡੇ ਭਰਾ ਦਾ ਹੋਇਆ ਦਿਹਾਂਤ

ਪ੍ਰਸਿੱਧ ਗਾਇਕ ਮਕਬੂਲ ਉਸ ਸਮੇ ਅਸਿਹ ਸਦਮਾ ਪਹੁੰਚਿਆ ਜਿਸ ਵਕਤ ਉਸ ਦੇ ਵੱਡੇ ਭਰਾ ਜਗਦੀਸ਼ ਸੁਮਨ (58) ਜਿਸ ਨੂੰ ਹਾਰਟ ਅਟੈਕ ਹੋਣ ਕਾਰਨ ਮੌਤ ਹੋ ਗਈ ਜੋ ਆਪਣੇ ਹੱਸਦੇ ਵੱਸਦੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਿਆ ਇਸ ਦੁੱਖ ਦੀ ਘੜੀ ਸੰਗੀਤਕ ਇੰਡਸਟਰੀ 'ਚ ਗਾਇਕਾਂ, ਗੀਤਕਾਰ ਤੇ ਮਿਊਜਿਕ ਸਖਸ਼ੀਅਤਾਂ ਵਲੋਂ ਗਾਇਕ ਮਕਬੂਲ ਨਾਲ ਦੁੱਖ ਪ੍ਰਗਟ ਕੀਤਾ ਤੇ ਪਰਿਵਾਰ ਨੂੰ ਭਾਣਾ ਮੰਨਣ ਲਈ ਆਖਿਆ, ਬੱਚੇ ਵਿਦੇਸ਼ ਵਿੱਚ ਹੋਣ ਕਾਰਨ ਆਪਣੇ ਪਿਤਾ ਦੀ ਸਸਕਾਰ ਤੇ ਪਹੁੰਚ ਨਹੀਂ ਸਕੇ ਤੇ ਬੜੇ ਭਰੇ ਮਨ ਨਾਲ ਸਸਕਾਰ ਕਰ ਦਿਤਾ ਗਿਆ ਜਿਸ ਸਮੂਹ ਰਿਸ਼ਤੇਦਾਰ ਤੇ ਸੰਗੀਤ ਹਸਤੀਆਂ ਹਾਜਰ ਸਨ। ਜਿਕਰਯੋਗ ਹੈ ਕਿ ਸਵ. ਜਗਦੀਸ਼ ਸੁਮਨ ਗੀਤਕਾਰ ਤੇ ਪੱਤਰਕਾਰ ਬੱਗਾ ਸੇਲਕੀਆਣਾ ਦੇ ਜੀਜਾ ਜੀ ਲੱਗਦੇ ਸਨ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਵ ਜਗਦੀਸ਼ ਸੁਮਨ ਦੀ ਆਤਮਿਕ ਸ਼ਾਂਤੀ ਲਈ ਸਤਿਗੁਰ ਰਵਿਦਾਸ ਗੁਰਦੁਆਰਾ ਸਾਹਿਬ ਵਿੱਚ ਪਾਠ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ 9 ਮਾਰਚ ਨੂੰ ਖੇੜਾ ਕਾਲੋਨੀ ਫਗਵਾੜਾ ਵਿਖੇ ਕਰਵਾਏ ਜਾਣਗੇ ਅੰਤਿਮ ਅਰਦਾਸ ਉਪਰੰਤ ਸਵ ਜਗਦੀਸ਼ ਸੁਮਨ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ ਇਸ ਦੁੱਖ ਦੀ ਘੜੀ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਗਈ।

### ਅੱਧਾ ਪਿੰਡ'' ਅਮਰੀਕਾ ਵਾਲੇ ਗੋਗੀ ਘੁਮਾਣ ਕੋਲ




ਕੁਲਦੀਪ ਪਾਰਸ ਨੇ ਜਿਸ ਆਪਣੇ ਲਾਡਲੇ ਸ਼ਗਿਰਦ ਗੋਗੀ ਘੁਮਾਣ ਨੂੰ ਪੰਜਾਬੀ ਫ਼ਿਲਮ ਨਾਲ ਹੀਰੋ ਲਾਂਚ ਕਰਨ ਦੀ ਯੋਜਨਾ ਬਣਾਈ ਸੀ ਉਹ ਚਾਹੇ ਅਧੂਰੀ ਪਾਰਸ ਦੇ ਅਚਾਨਕ ਜਾਣ ਨਾਲ ਰਹਿ ਗਈ ਸੀ ਪਰ ਗੋਗੀ ਘੁਮਾਣ ਗਾਇਕੀ ਵਿੱਚ ਸਟਾਰ ਬਣਦਾ ਜਾ ਰਿਹਾ ਹੈ। ਹੁਣ ਉਸ ਦਾ ਨਵਾਂ ਗੀਤ ਦੋਗਾਣਾ ਹੈ ਤੇ ਇਸ ਵਿੱਚ ਉਸ ਨਾਲ ਪੰਜਾਬੀ ਫ਼ਿਲਮਾਂ ਦੀ ਗਾਇਕਾ ਗੁਰਲੇਜ਼ ਅਖ਼ਤਰ ਨੇ ਸਾਥ ਦਿੱਤਾ ਹੈ। ਸੇਵਕ ਬਰਾੜ ਨੇ ਇਹ ਗੀਤ ਲਿਖਿਆ ਹੈ ਤੇ ਕਿਹਾ ਹੈ ਕਿ ਬਿਲਕੁਲ ਬੈਸਟ ਬੀਟ ਦਾ ਇਹ ਗੀਤ ਗੋਗੀ ਘੁਮਾਣ ਨੂੰ ਗਾਇਕੀ ਦਾ ਹੀਰੋ ਬਣਾ ਦੇਵੇਗਾ। ਗੋਗੀ ਤੇ ਗੁਰਲੇਜ਼ ਦੇ ਗਾਏ ਇਸ ਗੀਤ ਦਾ ਸੰਗੀਤ ਮਿਊਜ਼ਿਕ ਐਂਪਾਇਰ ਦਾ ਹੈ। ਗੋਗੀ ਘੁਮਾਣ ਅੱਜ ਕਲ ਕੈਲਫੋਰਨੀਆ ਯੂ ਐਸ ਏ ਰਹਿੰਦੇ ਹਨ। ''ਅੱਧਾ ਪਿੰਡ'' ਦਾ ਵੀਡਿਓ ਫ਼ਿਲਮੀ ਅੰਦਾਜ ਦਾ ਆਏਗਾ।

### ''ਇਸ਼ਕ ਮੋਹਬੱਤ'' ਦੇ ਹੀਰੋ ਗੁਰਦੀਪ ਸੰਧੂ ਦਾ ਸਨਮਾਨ

ਅੱਜ ਕਲ ਗਾਇਕ ਨਾਇਕ ਨੇ ਤੇ ਨਾਇਕ ਬਣ ਰਹੇ ਗਾਇਕ ਹਨ। ''ਇਸ਼ਕ



ਮੁਹੱਬਤ ' ਆ ਰਹੀ ਫ਼ਿਲਮ ਦੇ ਹੀਰੋ ਗੁਰਦੀਪ ਸੰਧੂ ਦਾ ਸਿੱਕਾ ਪੰਜਾਬੀ ਗਾਇਕੀ ਵਿੱਚ ਚਲ ਪਿਆ ਹੈ। ਗਵਾਹ ਯੂਟਿਊਬ ਹੈ ਜਿਸ ਤੇ ਸ ਦੇ ਸੁਦੇਸ਼ ਕੁਮਾਰੀ ਨਾਲ ਬੋਲੇ ਦੋਗਾਣੇ ''ਥਾਰ ਰੋਕਸ ਮਹਿੰਦਰਾ'' ਨੂੰ ਲੱਖਾਂ ਵਿਊ ਮਿਲੇ ਨੇ ਤੇ ਪੰਜਾਹ ਹਜ਼ਾਰ ਵਿਊ ਇੰਸਟਾਗ੍ਰਾਮ ਤੇ ਰੀਲ ਨੂੰ ਹੋਣ ਤੇ ਨਿਰਮਾਤਾ ਰਾਜਕੁਮਾਰ ਤੇ ਅਸ਼ੋਕ ਕੁਮਾਰ ਨੇ ਗੁਰਦੀਪ ਸੰਧੂ ਨੂੰ ਟੀਮ ''ਥਾਰ'' ਦੇ ਨਾਲ ਸਨਮਾਨਿਤ ਕੀਤਾ। ਸੰਗੀਤਕਾਰ ਜਸਕਰਨ ਨੇ ਕਿਹਾ ਕਿ ਸੁਦੇਸ਼ ਕੁਮਾਰੀ ਨਾਲ ਗਾਇਨ ਸੌਖਾ ਨਹੀਂ ਪਰ ਗੁਰਦੀਪ ਨੇ ਗਾ ਕਿ ਗੀਤ ਹਿੱਟ ਕਰਵਾ ਦੱਸ ਦਿੱਤਾ ਕਿ ਟੀਮ ਵਰਕ ਲੈ ਕਿ ਉਹ ''ਥਾਰ ਰੋਕਸ ਮਹਿੰਦਰਾ'' ਦੀ ਰਫ਼ਤਾਰ ਤੇਜ਼ ਕਰ ਹੀ ਗਿਆ।

### ਸੁਸ਼ਮਾ ਪ੍ਰਸ਼ਾਂਤ ਪਾਲੀਵੁੱਡ ਵਿੱਚ ਸਰਗਰਮ

ਜਲੰਧਰ ਦੂਰਦਰਸ਼ਨ ਦੇ ਚਰਚਿਤ ਪ੍ਰੋਗਰਾਮ ''ਗੱਲਾਂ ਤੇ ਗੀਤ'' ਵਿੱਚ ਪੈਨਲ ਪ੍ਰੋਡਿਊਸਰ ਸਰਦਾਰਜੀਤ ਬਾਵਾ ਨੇ ਸ਼ਾਨਦਾਰ ਤਰੀਕੇ ਨਾਲ ਸੁਸ਼ਮਾ ਪ੍ਰਸ਼ਾਂਤ ਨੂੰ ਪੇਸ਼ ਕੀਤਾ। ਡੀ ਡੀ ਪੰਜਾਬੀ ਤੇ ਪ੍ਰਸਾਰਿਤ ਇਸ ਵਿੱਚ ਸੁਸ਼ਮਾ ਨੂੰ ਦੇਖ ਸੁਣ ਲੱਗਿਆ ਕਿ ਪਾਲੀਵੁੱਡ ਨੂੰ ਇਸ ਅਭਿਨੇਤਰੀ ਤੋਂ ਜ਼ਿਆਦਾ ਕੰਮ ਲੈਣਾ ਚਾਹੀਦਾ ਹੈ।''ਟੌਹਰ'' ਤੋਂ ''ਆਹਤ'' ਤੱਕ ਕਈ ਟੀਵੀ ਸੀਰੀਅਲ ਕਰ ਚੁੱਕੀ ਸੁਸ਼ਮਾ ਪ੍ਰਸ਼ਾਂਤ ਨੇ ''ਹਵੇਲੀ'' ''ਜੱਟੀ ਪੰਦਰਾਂ ਮੁਰੱਬਿਆਂ ਵਾਲੀ'' ਫ਼ਿਲਮਾਂ ਕੀਤੀਆਂ ਹਨ। ਉਸ ਕਿਹਾ ਕਿ ਸਰਦਾਰਜੀਤ ਬਾਵਾ ਜਿਹੜੇ ਅੱਜ ਪ੍ਰਸਾਰਨ ਵੇਲੇ ਪੈਨਲ ਪ੍ਰੋਡਿਊਸਰ ਨੇ ਇਸ ਖੇਤਰ ਵਿੱਚ ਉਹਨਾਂ ਦੇ ਉਸਤਾਦ ਹਨ ਤੇ ਅਭਿਨੈ ਭਾਸ਼ਾ ਵਿੱਚ ਗੁਰੂ ਹਨ। ਸਰਦਾਰਜੀਤ ਬਾਵਾ ਪ੍ਰਤੀ ਸੁਸ਼ਮਾ ਦੇ ਬੋਲ ਦਰਸਾਉਂਦੇ ਨੇ ਕਿ ਅਧਿਆਪਕ ਦੀ ਇੱਜ਼ਤ ਕਾਮਯਾਬੀ ਦੀ ਅਸੀਸ ਹੈ।



### ਮੱਖਣ ਲੋਹਾਰ ਸਾਹਿਤ ਜਗਤ ਨਾਲ ਬੇਸ਼ੁਮਾਰ ਪਿਆਰ

''ਵੀਰਾਂ ਨਾਲ ਸਰਦਾਰੀ'' ਫ਼ਿਲਮ ਲਈ ਗੀਤ ਲਿਖਣ ਵਾਲੇ ਮੱਖਣ ਲੋਹਾਰ ਸਾਹਿਤ ਜਗਤ ਨੂੰ ਬਹੁਤ ਪਿਆਰ ਕਰਦੇ ਹਨ। ਇਧਰ ਅਮਰੀਕਾ ਦੀ ਇੰਡੀਆ ਤੋਂ ਵਾਪਸੀ ਫਲਾਈਟ ਸੀ ਤੇ ਉਧਰ ਫਗਵਾੜਾ ਵਿਖੇ ਸਾਹਿਤਕ ਪ੍ਰੋਗਰਾਮ ਪਰ ਦਿੱਲੀ ਜਾਣ ਤੋਂ ਤਿੰਨ ਘੰਟੇ ਪਹਿਲੇ ਆ ਕਿ



ਉਹਨਾਂ ਜਗਦੀਸ਼ ਰਾਣਾ ਆਯੋਜਿਤ ਪ੍ਰੋਗਰਾਮ ਮੁੱਖ ਮਹਿਮਾਨ ਬਣ ਸ਼ਿਰਕਤ ਕਰ ਵਾਅਦਾ ਪੁਗਾ ਦਿੱਤਾ ਕਿ ਗੀਤਕਾਰ ਸਾਹਿਤਕ ਵੀ ਹੁੰਦੇ ਹਨ। ਮੱਖਣ ਲੋਹਾਰ ਨੇ ਦੱਬੇ ਕੁੱਚਲੇ ਲੋਕਾਂ ਤੇ ਧਰਮ ਦੇ ਨਾਮ ਤੇ ਵੰਡੀਆਂ ਤੇ ਬਹੁਤ ਗੀਤ ਲਿਖੇ ਹਨ। ''ਤੈਨੂੰ ਭੇਜਿਆ ਸੀ ਪੁੱਤ ਪ੍ਰਦੇਸਾਂ ਨੂੰ ਮਜ਼ਬੂਰੀ ਸੀ'' ਹਕੀਕਤ ਤੇ ਹਿੱਟ ਰਿਹਾ ਸੀ। ਅੱਜ ਕਲ ਉਹ ਪੰਜਾਬੀ ਸੰਗੀਤ ਪੇਸ਼ਕਾਰ ਵੀ ਹਨ ਤੇ ਗੁਲਾਮ ਅਲੀ ਸਾਬ ਨੇ ਕਿਹਾ ਸੀ ਮੱਖਣ ਪੰਜਾਬੀ ਗੀਤਾਂ ਦਾ ਤਾਜ਼ਾ ਮੱਖਣ ਜਿਹਾ ਅਹਿਸਾਸ ਆਪਣੇ ਗੀਤਾਂ ਨਾਲ ਦਿਵਾਉਂਦਾ ਹੈ।

### ਸੁਖਦੇਵ ਬਰਨਾਲਾ

ਬਰਨਾਲਾ ਦਾ ਨਾਮ ਫ਼ਿਲਮੀ ਸਕ੍ਰੀਨ ਤੇ ਸੁਖਦੇਵ ਬਰਨਾਲਾ ਨੇ ਚਮਕਾ ਦਿੱਤਾ ਹੈ। ਪੰਜਾਬੀ ਫ਼ਿਲਮਾਂ ਦਾ ਇਹ ਚੋਟੀ ਦਾ ਕਲਾਕਾਰ ਵੈੱਬ ਸੀਰੀਜ਼ ਵੀ ਕਰਦਾ ਹੈ ਤੇ ਭਗਵੰਤ ਕੰਗ ਦਾ ਉਹ ਮਨਪਸੰਦ ਐਕਟਰ ਹੈ। ''ਛੜਾ'' ਫ਼ਿਲਮ ਵਿੱਚ ਬਰਨਾਲਾ ਜਚਿਆ ਤੇ ਸੁਖਦੇਵ ਨੇ ਵੈੱਬ ਸੀਰੀਜ਼ ''ਮੁਰਗਾਬੀਆਂ'' ਵਿੱਚ ਵੀ ਚੋਟੀ ਦਾ ਅਭਿਨੈ ਕੀਤਾ ਹੈ। ''ਅਮਰ ਸਿੰਘ ਚਮਕੀਲਾ'' ਤੇ ''ਚਮਕੀਲਾ '' ਕਰ ਚੁੱਕੇ ਸੁਖਦੇਵ ਬਰਨਾਲਾ ਦੀ ''ਬੈਕ ਅੱਪ''ਵੀ ਵਧੀਆ ਰਹੀ ਹੈ ਤੇ ਹੁਣ ਇਹ ਅਦਾਕਾਰ ਆਪਣੀ ਅਦਾਕਾਰੀ ਦਾ ਜੌਹਰ ''ਸਿਕ੍ਸ ਈਚ'' ਵਿੱਚ ਦਿਖਾਉਣ ਜਾ ਰਿਹਾ ਹੈ ਸੱਤੇ ਖੈਰਾਂ ਹੋਵਣ ਆਫ਼ਰੀਨ। ਭਗਵੰਤ ਸਿੰਘ ਕੰਗ ਅਕਸਰ ਆਖਦੇ ਨੇ ਕਿ ਸਾਲ ਭਰ ਹੋਰ ਦੇਖਿਓ ਹਰ ਜੁਬਾਨ ਤੇ ਸੁਖਦੇਵ ਬਰਨਾਲਾ ਦਾ ਨਾਮ ਹੋਊ। ਹੈ ਹਰ ਫ਼ਿਲਮ ਨਾਲ ਦਿਨ ਬ ਦਿਨ ਅੱਗੇ ਆਉਣ ਦੀ ਉਸ ਵਿੱਚ ਕਾਬਲੀਅਤ ।




### ਤਜਿੰਦਰ ਕੌਰ ਦੇ ਫ਼ਿਲਮੀ ਸ਼ੌਂਕ ਤੇ ਫ਼ਿਲਮੀ ਪਿਆਰ



ਤਜਿੰਦਰ ਕੌਰ ਉੱਤਮ ਫ਼ਿਲਮ ਜਾਣਕਾਰ ਹੈ ਤੇ ਫ਼ਿਲਮ ਲਈ ਬਿਜਲੀ ਮੀਡੀਆ ਦੀ ਹੋਸਟ ਹੈ। ਲਿਸ਼ਕਾਰਾ ਚੈਨਲ ਉਹ ਚਲਾ ਰਹੀ ਹੈ ਤੇ ਫ਼ਿਲਮਾਂ ਨਾਲ ਉਸ ਦਾ ਨਾਤਾ ਅਟੁੱਟ ਹੈ। ਤਜਿੰਦਰ ਕੌਰ ਸੀ ਐਮ ਪੀ ਏ ਐਵਾਰਡ ਸਮਾਰੋਹ ਵੱਲ ਹੈ। ਇਸ ਲਈ ਉਸ ਨੇ ਜੈ ਰੰਧਾਵਾ ਤੇ ਮੁਕੇਸ਼ ਰਿਸ਼ੀ ਦੀਆਂ ਸੇਵਾ ਲਈ ਹੈ। ਤਜਿੰਦਰ ਦੀ ਭਾਸ਼ਾ ਮਿੱਠੀ ਹੈ ਤੇ ਅੰਦਾਜ਼ ਪਿਆਰਾ ਹੈ। ਤਜਿੰਦਰ ਕੌਰ ਪੰਜਾਬੀ ਫ਼ਿਲਮਾਂ ਦੀ ਉੱਨਤੀ ਲਈ ਆਪਣਾ ਯੋਗਦਾਨ ਦੇ ਰਹੀ ਹੈ। ਕਲਾ ਤੇ ਸੰਗੀਤ ਦੀ ਪ੍ਰੇਮਣ ਤਜਿੰਦਰ ਕੌਰ ਸੱਭਿਆਚਾਰਕ ਵਿਰਸੇ ਲਈ ਵੀ ਪ੍ਰੋਗਰਾਮ ਕਰਦੀ ਰਹਿੰਦੀ ਹੈ। ਤਜਿੰਦਰ ਦੇਖਣ ਚਾਕਣ ਨੂੰ ਅਭਿਨੇਤਰੀ ਹੀ ਲੱਗਦੀ ਹੈ।ਕੁਲ ਮਿਲਾ ਕਿ ਪਾਲੀਵੁੱਡ ਦੀ ਇੱਕ ਦਿੱਗਜ ਹੈ ਤਜਿੰਦਰ ਕੌਰ।

## ਪਾਲੀਵੁੱਡ ਦੀ ਰਸ਼ਮੀਕਾ ਮੰਦਾਨਾ ਹੈ ''ਬਲਿਪੁਰ'' ''ਕੈਰਮ ਬੋਰਡ'' ਵਾਲੀ ਅਭਿਨੇਤਰੀ ਜਸਮੀਨ ਕੌਰ



ਪੰਜਾਬਣ ਮੁਟਿਆਰ ਜਸਮੀਨ ਕੌਰ ਬਰਨਾਲਾ ਸ਼ਹਿਰ ਦੀ ਪਰੀ ਹੀ ਤਾਂ ਹੈ ਅਭਿਨੈ ਦੀ ਪਰੀ ਜਿਸ ਨੇ ਵੈੱਬ ਸੀਰੀਜ਼, ਲਘੂ ਫਿਲਮਾਂ ਤੇ ਪੰਜਾਬੀ ਫ਼ਿਲਮਾਂ ਕਰ ਕਿ ਬਰਨਾਲਾ ਦਾ ਨਾਮ ਰੁਸ਼ਨਾਉਣਾ ਸ਼ੁਰੂ ਕਰ ਦਿੱਤਾ ਹੈ। ਜਸਮੀਨ ਕੌਰ ਦੀ ਦਿੱਖ ਆਕਰਸ਼ਕ ਹੈ ਤੇ ਬਾਡੀ ਲਾਂਗੇਜ ਦਿਲ ਖਿੱਚਵੀਂ ਹੈ। ਪੰਜ ਫੁੱਟ ਛੇ ਇੰਚ ਦੇ ਕੱਦ ਵਾਲੀ ਜਸਮੀਨ ਦੀ ਸੁੰਦਰ ਦਿੱਖ ਵਿੱਚ ਵਾਧਾ ਉਸ ਦਾ ਕੱਦ ਕਾਠ ਹੈ। 34 ਇੰਚ ਚੇਸਟ ਆਕਾਰ ਨੇ ਅਭਿਨੇਤਰੀ ਜਸਮੀਨ ਕੌਰ ਨੂੰ ਖੂਬਸੂਰਤ ਬਣਾਉਣ ਵਿੱਚ ਯੋਗਦਾਨ ਦਿੱਤਾ ਹੈ ਤਾਂ 55 ਕਿਲੋ ਦਾ ਭਾਰ ਦੱਸਣ ਲਈ ਕਾਫੀ ਹੈ ਕਿ ਕਸਰਤ ਤੇ ਜ਼ਿੰਮ ਨਾਲ ਜਸਮੀਨ ਆਪਣੇ ਸੁੰਦਰ ਸੁਡੋਲ ਜਿਸਮ ਨੂੰ ਪੂਰਾ ਫਿੱਟ ਰੱਖਦੀ ਹੈ। 34 ਇੰਚ ਦੀ ਕਮਰ ਗੱਲ ਕੀ ਜਸਮੀਨ ਦੀ ਸਰੀਰਕ ਬਣਤਰ ਫਿਲਮੀ ਹੀਰੋਇਨਾਂ ਜਿਹੀ ਹੈ ਤੇ ਜਸਮੀਨ ਸਾਊਥ ਦੀਆਂ ਫ਼ਿਲਮਾਂ ਦੇ ਬਿਲਕੁਲ ਫਿੱਟ ਹੈ। ਕਮਰ ਦੇ ਨੀਚੇ 38 ਇੰਚ ਦਾ ਨਾਪ ਦੱਸਣ ਲਈ ਕਾਫੀ ਹੈ ਕਿ 34-34-38 ਦੇ ਸਰੀਰਕ ਨਾਪ ਨੇ ਜਸਮੀਨ ਕੌਰ ਨੂੰ ਸੋਹਣੀ ਤੇ ਸੁੰਦਰ ਰੇਸ਼ਮੀ ਅੰਗਾਂ ਦੀ ਮਾਲਕਣ ਪੰਜਾਬਣ ਮੁਟਿਆਰ ਵਜੋਂ ਪੇਸ਼ ਕੀਤਾ ਹੈ। ਛੇ ਸਾਲ ਤੋਂ ਐਕਟਿੰਗ ਦੁਨੀਆਂ ਵਿੱਚ ਵਿਚਰ ਰਹੀ ਇਹ ਐਕਟ੍ਰੈਸ ਕਿਰਦਾਰ ਵਿੱਚ ਇਸ ਕਦਰ ਫਿੱਟ ਰਹਿੰਦੀ ਹੈ ਜਿਵੇਂ ਉਹ ਕਿਰਦਾਰ ਉਸ ਲਈ ਹੀ ਬਣਿਆ ਹੈ। ਜਸਮੀਨ ਨੇ ਪੰਜਾਬੀ ਦੇ ਨਾਲ ਨਾਲ ਹਰਿਆਣਵੀ ਤੇ ਹਿੰਦੀ ਭਾਸ਼ਾਵਾਂ ਦੀਆਂ ਫ਼ਿਲਮਾਂ ਵੀ ਕੀਤੀਆਂ ਹਨ ਤੇ ਪੰਜਾਬੀ ਮਨੋਰੰਜਨ ਦੇ ਖੇਤਰ ਵਿੱਚ ਵੀ ਜਸਮੀਨ ਪੂਰੀ ਫਿੱਟ ਫਾਸਟ ਐਕਟ੍ਰੈਸ ਹੈ। ਪੰਜਾਬੀ ਫ਼ਿਲਮ ''ਮਿੱਠੀਏ'' ਵਿੱਚ ਉਸ ਦਾ ਕੰਮ ਸਭ ਨੇ ਪਸੰਦ ਕੀਤਾ ਤੇ ਇਸ ਫ਼ਿਲਮ ਨੇ ਪੰਜਾਬੀ ਫ਼ਿਲਮਾਂ ਦੀ ਨਗਰੀ ਵਿੱਚ ਉਸ ਨੂੰ ਸਥਾਪਿਤ ਕੀਤਾ ਹੈ। ''ਬੇਬੇ ਤੇਰਾ ਪੁੱਤ ਲਾਡਲਾ, ''ਬਲੀਪੁਰ'' ਵਿੱਚ ਵੀ ਹਰਮਨ ਪਿਆਰੀ ਅਭਿਨੇਤਰੀ ਬਣਨ ਵਾਲਾ ਕੰਮ ਜਸਮੀਨ ਕੌਰ ਨੇ ਕੀਤਾ ਹੈ। ਗੱਲ ਵੈੱਬ ਸੀਰੀਜ਼ ਦੀ ਤਾਂ ਜਸਮੀਨ ਕੌਰ ਨੇ ''ਕਤਲ'' ਤੇ ''ਬਲਦੇ ਦਰਿਆ'' ਨੇ ਜੱਸ ਨੂੰ ਵਾਹ ਵਾਹ ਦਿਵਾਈ ਤਾਂ ''ਉੱਜੜੇ ਖੂਹ ਦਾ ਪਾਣੀ'' ਨਾਲ ਤਾਂ ਉਹ ਸਟਾਰ ਐਕਟ੍ਰੈਸ ਬਣ ਗਈ। ''ਬਦਲਾ ''ਅਣਖ'' ਰੂਹ ਦਾ ਜਖਮ, ਬਾਅਦ ''ਪੁੱਤਾਂ ਦੇ ਵਪਾਰੀ'' ਨਾਲ ਜਸਮੀਨ ਕੌਰ ਛਾ ਚੁੱਕੀ ਹੈ। ਇਸ ਵੇਲੇ ਚੌਪਾਲ ਟੀਵੀ ਤੇ ਉਸ ਦੀ ਵੈੱਬ ਫ਼ਿਲਮ ''ਕੈਰਮ ਬੋਰਡ'' ਚਲ ਰਹੀ ਹੈ ਤੇ ''ਮੁਰਗਾਬੀਆਂ'' ਨੂੰ ਇੰਟਰਨੈੱਟ ਤੇ ਅੱਛਾ ਹੁੰਗਾਰਾ ਮਿਲ ਰਿਹਾ ਹੈ। ਗੋਰੇ ਰੰਗ ਦੇ ਲਿਸ਼ਕਾਰੇ ਤੇ ਮਿੱਠੀਆਂ ਮੁਸਕਾਨਾਂ ਦੇ ਇਲਾਵਾ ਸ਼ਰਬੱਤੀ ਅੱਖੀਆਂ ਨਾਲ ਰਾਹ ਜਾਂਦੇ ਰਾਹੀਆਂ ਨੂੰ ਰਾਹ ਭੁਲਾ ਦੇਣ ਵਾਲੀ ਇਹ ਅਜਬ ਪਰੀ, ਸੁੰਦਰ ਪਰੀ ਬਾਬਤ ਨਿਰਦੇਸ਼ਕ ਭਗਵੰਤ ਕੰਗ ਆਖਦੇ ਨੇ ਕਿ ਕਿਸੇ ਨੇ ਠੀਕ ਉਸ ਨੂੰ ਰਸ਼ਮਿਕਾ ਮੰਦਾਨਾ ਕਿਹਾ ਹੈ ਤੇ ਐਕਟਿੰਗ ਤੋ ਦਿੱਖ ਤੱਕ ਬਿਲਕੁਲ ਇਹ ਜਸਮੀਨ ਕੌਰ ਪੰਜਾਬੀ ਫ਼ਿਲਮਾਂ ਤੇ ਮਨੋਰੰਜਨ ਸੰਸਾਰ ਦੀ ਰਸ਼ਮਿਕਾ ਹੈ ਤੇ ਆ ਰਹੇ ਵਕਤ ਵਿੱਚ ਇੱਕ ਵੀ ਸਾਊਥ ਦੀ ਫ਼ਿਲਮ ਇਸ ਕਰ ਲਈ ਤਾਂ ਉਹ ਸਾਊਥ ਦੀ ਸਟਾਰ ਨਾਇਕਾ ਬਣ ਜਾਏਗੀ। ਜਸਮੀਨ ਕੌਰ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਤੇ ਉਹ ਜਲਦੀ ਐਵਾਰਡ ਜੇਤੂ ਐਕਟ੍ਰੈਸ ਬਣੇ ਤੇ ਸਾਊਥ ਦੀ ਸਟਾਰ ਵੀ ਜਿਸ ਤਰਾਂ ਉਹ ਸਰਗਰਮ ਹੈ ਲੱਗਦਾ ਉਹ ਦਿਨ ਦੂਰ ਨਹੀਂ ਹੈ।

**– ਅੰਮ੍ਰਿਤ ਪਵਾਰ**

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਲੀਕੇ ਤਿਮਾਹੀ ਸਮਾਗਮ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਵਿਚਾਰ ਵਟਾਂਦਰੇ ਉਪਰੰਤ ਮਾਰਚ, ਅਪ੍ਰੈਲ ਅਤੇ ਮਈ ਤਿੰਨ ਮਹੀਨੇ ਦੀਆਂ ਪ੍ਰਮੁੱਖ ਸਰਗਰਮੀਆਂ ਉਲੀਕੀਆਂ ਗਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮਾਰਚ ਮਹੀਨੇ ਦੇ ਆਖਰੀ ਹਫ਼ਤੇ ਵਿਸ਼ਵ ਰੰਗ ਮੰਚ ਦਿਹਾੜਾ ਮਨਾਇਆ ਜਾਏਗਾ। ਇਸ ਮੌਕੇ ਨਾਟਕ, ਗੀਤ-ਸੰਗੀਤ ਅਤੇ ਵਿਚਾਰ-ਚਰਚਾ ਨੂੰ ਅਗਲੇ ਦਿਨਾਂ ਵਿੱਚ ਟੀਮਾਂ ਨਾਲ ਰਾਬਤਾ ਕਰਕੇ ਅਤੇ ਵਿਦਿਅਕ ਸੰਸਥਾਵਾਂ ਦੇ ਇਮਤਿਹਾਨਾਂ ਦੀਆਂ ਤਾਰੀਖਾਂ ਦਾ ਧਿਆਨ ਰੱਖਦਿਆਂ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ। ਮੁਲਕ ਦੀ ਆਜ਼ਾਦੀ ਲਈ ਜੂਝਣ ਵਾਲੀ ਇਨਕਲਾਬੀ ਪਾਰਟੀ, ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ (21 ਅਪ੍ਰੈਲ 1913) ਨੂੰ ਸਿਜਦਾ ਕਰਨ ਅਤੇ ਗ਼ਦਰ ਪਾਰਟੀ



ਦੀ ਪ੍ਰਸੰਗਕਤਾ ਉਭਾਰਦੇ ਹੋਏ 21 ਅਪ੍ਰੈਲ 2025 ਨੂੰ ਦਿਨੇ 10:30 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਸਥਾਪਨਾ ਦਿ-ਹਾੜਾ ਮਨਾਇਆ ਜਾਏਗਾ। ਇਸ ਮੌਕੇ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਨਵੀਂ ਖੇਤੀ ਅਤੇ ਮੰਡੀਕਰਣ ਨੀਤੀ ਦਾ ਡਰਾਫ਼ਟ ਸਿਰਫ਼ ਖੇਤੀ ਜਾਂ ਕਿਸਾਨੀ ਦਾ ਉਜਾੜਾ ਹੀ ਨਹੀਂ ਕਰੇਗਾ ਸਗੋਂ ਇਹ ਮੁਲਕ ਦੇ ਵਿਸ਼ਾਲ ਲੋਕ-ਹਿੱਸਿਆਂ ਨੂੰ ਤਬਾਹੀ ਮੂੰਹ ਧੱਕਣ, ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਖੇਤੀ ਅਤੇ ਮੰਡੀਆਂ ਉਪਰ ਮੁਕੰਮਲ ਕਬਜ਼ਾ ਕਰ-ਾਉਣ ਦਾ ਮਾਰੂ ਹੱਲਾ ਹੋਏਗਾ ਇਸਨੂੰ ਚਰਚਾ ਦੇ ਕੇਂਦਰ ਅਤੇ ਰੌਸ਼ਨੀ ਵਿੱਚ ਲਿਆਏਗਾ ਇਹ ਸਮਾਗਮ। ਸਮਾਗਮ ਦੇ ਨਿਸ਼ਚਿਤ ਵਿਸ਼ੇ 'ਤੇ ਮੁੱਖ ਤੌਰ 'ਤੇ ਬਲਦੇਵ ਸਿੰਘ ਨਿਹਾਲਗੜ੍ਹ, ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ ਤੇ ਬਲਵੀਰ ਸਿੰਘ ਰਾਜੇਵਾਲ ਸੰਬੋਧਨ ਕਰਨਗੇ। ਕਾਰਲ ਮਾਰਕਸ ਦੇ ਜਨਮ ਦਿਹਾੜੇ (5 ਮਈ 1818) ਨੂੰ ਸਮਰਪਤ ਸਮਾਗਮ 5 ਮਈ ਨੂੰ ਦਿਨੇ 10:30 ਵਜੇ ਹੋਏਗਾ, ਜਿਸ ਵਿੱਚ ਮਾਰਕਸਵਾਦ ਦੀ ਪ੍ਰਸੰਗਕਤਾ (ਜਗਰੂਪ), ਪੂੰਜੀਵਾਦ ਦਾ ਸੰਕਟ (ਦਰਸ਼ਨ ਖਟਕੜ) ਅਤੇ ਫਾਸ਼ੀਵਾਦ ਦਾ ਉਭਾਰ (ਹਰਵਿੰਦਰ ਭੰਡਾਲ) ਮੁੱਖ ਤੌਰ 'ਤੇ ਆਪਣੇ ਵਿਚਾਰ ਰੱਖਣਗੇ। ਮੀਟਿੰਗ 'ਚ ਪਾਸ ਕੀਤੇ ਮਤਿਆਂ 'ਚ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ ਕਤਲੇਆਮ ਕਰਨਾ ਬੰਦ ਕੀਤਾ ਜਾਏ। ਨੀਮ ਫੌਜੀ ਬਲਾਂ ਨੂੰ ਜੰਗਲਾਂ 'ਚੋਂ ਬਾਹਰ ਕੱਢਿਆ ਜਾਏ, ਓਪਰੇਸ਼ਨ ਕਗਾਰ ਬੰਦ ਕੀਤਾ ਜਾਏ। ਮੂਲਵਾਸੀ ਬਚਾਓ ਮੰਚ ਦਾਤੇਵਾੜਾ ਦੇ ਆਗੂ ਰਘੂ ਨੂੰ ਐੱਨ.ਆਈ.ਏ. ਵੱਲੋਂ ਹਿਰਾਸਤ ਵਿੱਚ ਲੈਣ ਦੀ ਨਿੰਦਾ ਕਰਦਿਆਂ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ। 'ਲੋਕ ਆਵਾਜ਼' ਟੀ.ਵੀ. ਚੈਨਲ ਦੇ ਚੀਫ਼ ਰਿਪੋਰਟਰ ਮਨਿੰਦਰ ਜੀਤ ਸਿੱਧੂ ਉਪਰ ਝੂਠੇ ਕੇਸ ਮੜ੍ਹਨ, ਆਏ ਦਿਨ ਧਮਕੀਆਂ ਦੇਣ ਦੀ ਨਿੰਦਾ ਕੀਤੀ ਗਈ ਅਤੇ ਝੂਠਾ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਪੰਜਾਬ ਅੰਦਰ ਬੁਲਡੋਜ਼ਰ ਹਮਲੇ ਲਾਗੂ ਕਰਨ ਦੀ ਯੋਗੀ ਮੋਦੀ ਅਤੇ ਅਮਿਤ ਸ਼ਾਹ ਮਾਰਕਾ ਨੀਤੀ ਲਾਗੂ ਕਰਕੇ ਲੋਕਾਂ ਦੇ ਮੁੱਢਲੇ ਅਧਿਕਾਰਾਂ ਉਪਰ ਬੁਲਡੋਜ਼ਰ ਚਲਾਉਣਾ ਬੰਦ ਕੀਤਾ ਜਾਏ।

# ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਰਧਾਪੂਰਵਕ ਮਨਾਇਆ

**ਯੂਬਾ ਸਿਟੀ (ਡੀ.ਡੀ. ਬੀ.)** ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 23 ਫਰਵਰੀ 2025 ਨੂੰ ਇੱਥੋਂ ਦੀ ਪ੍ਰਬੰਧਕ ਕਮੇਟੀ ਨੇ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਗੁਰਪੁਰਬ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 21 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ ਆਰੰਭ ਹੋਏ, ਜਿਸ ਦੀ ਸੇਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। 22 ਫਰਵਰੀ 2025 ਦਿਨ ਸ਼ਨਿਚਰਵਾਰ ਨੂੰ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਅਤੇ ਸ਼ਾਮਾਂ ਦੇ ਦੀਵਾਨ ਸਜਾਏ ਗਏ।

ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਅਰਵਿੰਦ ਸਿੰਘ ਤੇ ਭਾਈ ਸੁਖਵਿੰਦਰ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

23 ਫਰਵਰੀ 2025 ਦਿਨ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਰਾਗੀ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰਬਾਣੀ ਸਰਵਣ ਕੀਤਾ।

ਇਸ ਮੌਕੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਕਮੇਟੀ ਮੈਂਬਰਾਂ ਨੇ ਹਾਜ਼ਰੀਆਂ ਭਰੀਆਂ ਅਤੇ ਸਾਧ ਸੰਗਤ ਨੂੰ ਆਪਣੇ ਵੱਲੋਂ ਆਪੋ-ਆਪਣੀਆਂ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਸਭਾਵਾਂ ਦੇ ਨੁਮਾਇੰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਅਤੇ ਸ੍ਰੀ ਜਗਤਾਰ ਸਿੰਘ ਭਾਟੀਆ ਕਮੇਟੀ ਮੈਂਬਰ ਅਤੇ ਸ੍ਰੀ ਸ਼ਸ਼ੀਪਾਲ ਲੀਗਲ ਐਡਵਾਈਜ਼ਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ ਵੱਲੋਂ ਸ੍ਰੀ ਸੰਤੋਖ ਸਿੰਘ ਗਿੱਲ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰੂ ਕੇ ਕੜਾਹ-ਪ੍ਰਯਾਦ ਅਤੇ ਅਤੁੱਟ ਲੰਗਰ ਵਰਤਾਏ ਗਏ। ਲੰਗਰ ਦੀ ਸੇਵਾ 'ਦੀ ਤਾਜ ਰੈਸਟੋਰੈਂਟ' ਯੂਬਾ ਸਿਟੀ ਵੱਲੋਂ ਕੀਤੀ ਗਈ। ਸਟੇਜ ਦੀ ਸੇਵਾ ਸਟੇਜ ਸਕੱਤਰ ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਖੁਦ ਵੀ ਗੁਰੂ ਜੀ ਸਬੰਧਤ ਆਪਣੀਆਂ ਰਚਨਾਵਾਂ ਪੜ੍ਹੀਆਂ। ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ ਅਤੇ ਚੇਅਰਮੈਨ ਸ੍ਰੀ ਗੁਰਨਾਮ ਸਿੰਘ ਭੰਡਾਲ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਦੂਰੋਂ-ਨੇੜਿਉਂ ਸਭਾਵਾਂ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਅਤੇ ਵਧਾਈਆਂ ਦਿੱਤੀਆਂ।















ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਆਗਮਨ ਪੁਰਬ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਗਏ।



ਇਸ ਮਹਾਨ ਪੁਰਬ ਮੌਕੇ ਹਾਜਰੀਆਂ ਭਰਨ ਲਈ ਸਮੂਹ ਗੁਰੂ ਪਿਆਰੀ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਵਧਾਈਆਂ।

ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ




ਰਾਮ ਸੇਵਕ ਭਾਟੀਆ
(ਹੈਡ ਕੈਸ਼ੀਅਰ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ)
ਅਤੇ ਸਮੂਹ ਭਾਟੀਆ ਪਰਿਵਾਰ

# ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਰਧਾਪੂਰਵਕ ਮਨਾਇਆ

















# ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਰਧਾਪੂਰਵਕ ਮਨਾਇਆ




















# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ


























**ਸੇਲਮਾ (ਡੀ. ਡੀ. ਬੀ.)** ਜਾਤ-ਪਾਤ, ਛੂਆ-ਛਾਤ, ਊਚ-ਨੀਚ, ਵੱਖਵਾਦ, ਮਨੂੰਵਾਦ ਅਤੇ ਨਸਲਵਾਦ ਨੂੰ ਮੁੱਢੋਂ ਨਿਕਾਰਨ ਵਾਲੇ, ਭ੍ਰਾਤਰੀ ਵਿਸ਼ਵ ਭਾਈਚਾਰੇ ਦੇ ਹਾਮੀ, ਇਨਸਾਨੀਅਤ 'ਚ ਵਿਸ਼ਵਾਸ ਰੱਖਣ ਵਾਲੇ, ਸਮਾਨਤਾ ਦੇ ਅਲੰਬਰਦਾਰ, ਵਹਿਮ-ਭਰਮ ਦਾ ਖੰਡਨ ਕਰਨ ਵਾਲੇ, ਲੋਕਤੰਤਰ ਦੇ ਮਾਰਗ ਦਿਖਾਉਣ ਵਾਲੇ ਜਗਤ ਗੁਰੂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਦੁਨੀਆਂ ਭਰ 'ਚ 648ਵਾਂ ਪ੍ਰਕਾਸ਼ ਗੁਰਪੁਰਬ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

ਇਸੇ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ, ਸੇਲਮਾ (ਕੈਲੇਫੋਰਨੀਆ) ਵਿਖੇ 23 ਫਰਵਰੀ ਨੂੰ ਮਨਾਇਆ ਗਿਆ। ਇਸ ਸਬੰਧਤ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ 21 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ ਅਤੇ ਇਸੇ ਦਿਨ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਗਈ ਤੇ ਸ਼ਨਿਚਰਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਨਿਰੰਤਰ ਪਾਠ ਦੇ ਨਾਲ ਸ਼ਾਮਾਂ ਦੇ ਕੀਰਤਨ ਦੀਵਾਨ ਸਜਾਏ ਗਏ ਅਤੇ 23 ਫਰਵਰੀ 2025 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਇਲਾਹੀ ਗੁਰਬਾਣੀ ਦਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਕਥਾਵਾਚਕ ਸਾਹਿਬਾਨ ਨੇ ਕਥਾ ਨਾਲ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਣਾਉਣ ਲਈ ਵਿਖਿਆਨ ਕੀਤਾ।

ਜਿਹਨਾਂ ਰਾਗੀ ਸਿੰਘ ਸਾਹਿਬਾਨ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ, ਉਹਨਾਂ 'ਚ ਭਾਈ ਰਾਮ ਆਸਰਾ ਜੀ, ਭਾਈ ਸੋਢੀ ਸਿੰਘ ਜੀ, ਭਾਈ ਹਰਬਲਾਸ ਸਿੰਘ ਜੀ, ਭਾਈ ਮਨਦੀਪ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ, ਭਾਈ ਬਘੇਲ ਸਿੰਘ ਜੀ ਅਤੇ ਭਾਈ ਰਾਜ ਬਰਾੜ (ਉਸਤਾਦ ਯਮਲਾ ਜੱਟ ਜੀ ਦੇ ਸ਼ਾਗਿਰਦ) ਤੋਂ ਇਲਾਵਾ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਚੰਦਨ ਜੀ ਤੇ ਉਹਨਾਂ ਦੇ ਜਥੇ ਦੁਆਰਾ ਬਹੁਤ ਹੀ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਬਘੇਲ ਸਿੰਘ ਜੀ ਤੇ ਭਾਈ ਮਨਦੀਪ ਸਿੰਘ ਨੇ ਕਥਾ ਕਰਕੇ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ ਫਲਸਫੇ ਪ੍ਰਤੀ ਜਾਣੂ ਕਰਵਾਇਆ।

ਬੁਲਾਰਿਆਂ 'ਚ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਪ੍ਰਧਾਨ ਸ੍ਰੀ ਅਮਰ ਦੜੌਚ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਆਦਿ ਦੇ ਨਾਂ ਵਰਣਨਯੋਗ ਹਨ। ਇਹਨਾਂ ਦੋਵੇਂ ਬੁਲਾਰਿਆਂ ਨੇ ਆਪਣੇ ਸਮਾਜ ਪ੍ਰਤੀ ਕੁਝ ਅਹਿਮ ਵਿਚਾਰਾਂ ਦੀ ਸਾਂਝ ਪਾਈ, ਉਹਨਾਂ ਅਨੁਸਾਰ, ਜਿਹਨਾਂ ਨੂੰ ਵਿਚਾਰਿਆ ਜਾਣਾ ਬਣਦਾ ਹੈ।

ਅੱਜ ਦੇ ਇਸ ਮਹਾਨ ਗੁਰਪੁਰਬ ਦਿਹਾੜੇ ਮੌਕੇ ਸੇਲਮਾ ਦੇ ਮੇਅਰ ਸਕੌਟ ਰੌਬਰਟਸਨ, ਕੌਂਸਲਮੈਨ ਜ਼ਿਮ ਐਵਲੋਸ ਅਤੇ ਸਾਂਤਿਆਗੋ ਓਸੀਗੁਏਰਾ ਆਦਿ ਨੇ ਗੁਰੂ ਘਰ ਨਤਮਸਤਕ ਹੋਏ ਅਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਮਨਾਏ ਜਾਣ ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ। ਸ੍ਰੀ ਮਨਦੀਪ ਸਿੰਘ ਨੇ ਆਪਣੇ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਗੁਰਪੁਰਬ ਦੀ ਵਧਾਈ ਦਿੰਦਿਆਂ ਮੇਅਰ ਅਤੇ ਕੌਂਸਲ ਮੈਂਬਰ ਸਾਹਿਬਾਨ ਦੀ ਸੰਗਤ ਨਾਲ ਜਾਣੂ ਕਰਵਾਇਆ।

ਸ੍ਰੀ ਦੇਵ ਰਾਜ ਸਿੰਘ ਸਕੱਤਰ ਨੇ ਬਹੁਤ ਹੀ ਵਧੀਆ ਸਟੇਜ ਦੀ ਸੇਵਾ ਨਿਭਾਈ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਗੁਰੂ ਘਰ ਹਾਜ਼ਰੀਆਂ ਭਰਨ ਲਈ, ਨਿਸ਼ਾਨ ਸਾਹਿਬ ਦੀ ਸੇਵਾ, ਕੜਾਹ-ਪ੍ਰਸ਼ਾਦ ਦੀ ਸੇਵਾ, ਅਲੱਗ-ਅਲੱਗ ਸਟਾਲ ਲਗਾਉਣ ਦੀ ਸੇਵਾ, ਜੂਸ, ਮੈਂਗੋ ਲੱਸੀ ਅਤੇ ਗੰਨੇ ਦੇ ਰਸ ਦੀ ਸੇਵਾ ਅਤੇ ਡਾ. ਸਤਨਾਮ ਸਿੰਘ ਬੰਗੜ ਦੀ ਮੈਡੀਕਲ ਟੀਮ ਵੱਲੋਂ ਮੈਡੀਕਲ ਕੈਂਪ ਲਗਾਉਣ ਦੀ ਸੇਵਾ, ਪਾਰਕਿੰਗ ਲਾਟ ਦੀ ਸੇਵਾ ਨਿਭਾਉਣ ਵਾਲੇ ਸੇਵਕਾਂ, ਸਫਾਈ ਦਾ ਧਿਆਨ ਰੱਖਣ ਵਾਲੇ ਸੇਵਾਦਾਰਾਂ ਆਦਿ ਤੋਂ ਇਲਾਵਾ ਮੇਅਰ, ਕੌਂਸਲੇਟ ਮੈਂਬਰਜ਼ ਅਤੇ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਹੋਰ ਧਾਰਮਿਕ ਸਭਾਵਾਂ ਵੱਲੋਂ ਹਾਜ਼ਰੀਆਂ ਭਰਨ ਅਤੇ ਸਹਿਯੋਗ ਕਰਨ ਲਈ ਕਮੇਟੀ ਵੱਲੋਂ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਸਿਰੋਪਾਓ ਨਾਲ ਸਨਮਾਨ ਕੀਤਾ।

ਇਸੇ ਤਰ੍ਹਾਂ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਅਦਾਰਾ ਦੇਸ਼ ਦੁਆਬਾ' ਵੱਲੋਂ ਕਵਰੇਜ਼ ਤੇ ਲਾਈਵ ਪ੍ਰਸਾਰਣ ਲਈ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਧੰਨਵਾਦ ਤੇ ਸਿਰੋਪਾਓ ਨਾਲ ਸਨਮਾਨ ਕੀਤਾ।

ਗੁਰੂ ਘਰ ਦੇ ਖਜ਼ਾਨਚੀ ਸ੍ਰੀ ਮਨੋਹਰ ਗਾਦੜਾ ਜੀ ਨੇ ਬਾਖੂਬ ਨਿਮਰਤਾ ਸਹਿਤ ਸੰਗਤਾਂ ਨਾਲ ਵਧਾਈਆਂ ਸਾਂਝੀਆਂ ਕਰਦਿਆਂ ਕੈਸ਼ੀਅਰ ਦੀ ਸੇਵਾ ਨਿਭਾਈ।

*****

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ


























# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ





















# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ















# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ














# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਬਹੁਤ ਹੀ ਸ਼ਰਧਾਪੂਰਵਕ ਮਨਾਇਆ



















